Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 145 | Tuesday, July 27, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਕੈਨੇਡਾ ਦੀ 30ਵੀਂ ਗਵਰਨਰ ਜਨਰਲ ਵਜੋਂ ਮੈਰੀ ਸਾਇਮਨ ਨੇ ਚੁੱਕੀ ਸਹੁੰ



ਓਟਵਾ, 26 ਜੁਲਾਈ (ਪੋਸਟ ਬਿਊਰੋ) : ਮੈਰੀ ਸਾਇਮਨ ਨੂੰ ਕੈਨੇਡਾ ਦੀ 30ਵੀਂ ਗਵਰਨਰ ਜਨਰਲ ਨਿਯੁਕਤ ਕੀਤਾ ਗਿਆ। ਇਹ ਪ੍ਰੋਗਰਾਮ ਬੜੇ ਹੀ ਇਤਿਹਾਸਕ ਤੇ ਸੱਭਿਆਚਾਰਕ ਮਾਹੌਲ ਵਿੱਚ ਹੋਇਆ। ਇਸ ਰੰਗਾਰੰਗ ਪ੍ਰੋਗਰਾਮ ਦੌਰਾਨ ਸਾਇਮਨ ਨੇ ਆਪਣੇ ਅਹੁਦੇ ਦੀ ਸਹੁੰ ਚੁੱਕੀ।

ਅਹਿਮ ਇਨੁਕ ਆਗੂ ਤੇ ਸਾਬਕਾ ਅੰਬੈਸਡਰ ਸਾਇਮਨ ਕੈਨੇਡਾ ਵਿੱਚ ਮਹਾਰਾਣੀ ਐਲਿਜ਼ਾਬੈੱਥ ਦੀ ਨੁਮਾਇੰਦਾ ਬਣਨ ਵਾਲੀ ਪਹਿਲੀ ਮੂਲਵਾਸੀ ਮਹਿਲਾ ਹੈ। ਉਨ੍ਹਾਂ ਨੇ ਇਨੁਇਟ ਸੱਭਿਆਚਾਰ ਨੂੰ ਅੱਗੇ ਵਧਾਉਣ ਲਈ ਕਈ ਅਹਿਮ ਭੂਮਿਕਾਵਾਂ ਨਿਭਾਈਆਂ, ਇਸ ਦੇ ਨਾਲ ਹੀ ਉਨ੍ਹਾਂ ਸੋਸ਼ਲ, ਐਨਵਾਇਰਮੈਂਟਲ ਤੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਨ ਵਾਲੀ ਆਗੂ ਤੇ ਵਾਰਤਾਕਾਰ ਦੀਆਂ ਭੂਮਿਕਾਵਾਂ ਵੀ ਨਿਭਾਈਆਂ।

ਆਪਣੀ ਭੂਮਿਕਾ ਵਿੱਚ ਪਹਿਲੀ ਟਿੱਪਣੀ ਕਰਦਿਆਂ ਸਾਇਮਨ ਨੇ ਤਹੱਈਆ ਪ੍ਰਗਟਾਇਆ ਕਿ ਜਦੋਂ ਸੁਲ੍ਹਾ, ਕਲਾਈਮੇਟ ਚੇਂਜ ਵਰਗੇ ਸੰਕਟ ਤੇ ਦੇਸ਼ ਵਿੱਚ ਪਹਿਲਾਂ ਹੀ ਮਹਿਸੂਸ ਕੀਤੇ ਜਾ ਰਹੇ ਇਸ ਦੇ ਅਸਰ ਦੇ ਨਾਲ ਨਾਲ ਸਮਾਨਤਾ ਤੇ ਮਾਨਸਿਕ ਸਿਹਤ ਦਾ ਮਾਮਲਾ ਆਵੇਗਾ ਤਾਂ ਉਹ ਚਿੰਤਕਾਂ ਦੇ ਨਾਲ ਉਨ੍ਹਾਂ ਫੈਸਲਿਆਂ ਵਿੱਚ ਅਹਿਮ ਭੂਮਿਕਾ ਨਿਭਾਵੇਗੀ।

ਸਾਇਮਨ ਨੇ ਆਖਿਆ ਕਿ ਅਸੀਂ ਇੱਕ ਦੇਸ਼ ਵਜੋਂ ਇਹ ਸਿੱਖਿਆ ਹੈ ਕਿ ਸਾਨੂੰ ਕੈਨੇਡਾ ਦੇ ਅਸਲ ਇਤਿਹਾਸ ਨੂੰ ਜਾਨਣ ਦੀ ਲੋੜ ਹੈ। ਸੱਚ ਨੂੰ ਗਲੇ ਲਾਉਣ ਨਾਲ ਅਸੀਂ ਇੱਕ ਦੇਸ਼ ਵਜੋਂ ਹੋਰ ਮਜ਼ਬੂਤ ਹੋਕੇ ਉਭਰਾਂਗੇ, ਸਾਂਝੇ ਕੈਨੇਡੀਅਨ ਸਮਾਜ ਵਜੋਂ ਅੱਗੇ ਵਧਾਂਗੇ ਤੇ ਆਪਣੇ ਬੱਚਿਆਂ ਨੂੰ ਇਹ ਸਿਖਾਂਵਾਂਗੇ ਕਿ ਸਾਨੂੰ ਹਮੇਸ਼ਾਂ ਬਿਹਤਰ ਕਰਨਾ ਚਾਹੀਦਾ ਹੈ ਖਾਸ ਤੌਰ ਉੱਤੇ ਉਦੋਂ ਜਦੋਂ ਹਾਲਾਤ ਮੁਸ਼ਕਲ ਹੋਣ। ਇਹ ਸਮਾਰੋਹ ਸੈਨੇਟ ਆਫ ਕੈਨੇਡਾ ਦੀ ਇਮਾਰਤ ਵਿੱਚ ਹੋਇਆ। ਕੋਵਿਡ-19 ਪਾਬੰਦੀਆਂ ਕਾਰਨ ਇਸ ਵਿੱਚ 50 ਹਸਤੀਆਂ ਤੇ ਮਹਿਮਾਨਾਂ ਨੇ ਹੀ ਹਿੱਸਾ ਲਿਆ।

## ਕੋਵਿਡ-19 ਨਿਯਮਾਂ ਨੂੰ ਅਪਡੇਟ ਕਰਨ ਦੀ ਮੰਗ ਕਰ ਰਹੇ ਹਨ ਕੁੱਝ ਮਾਪੇ ਤੇ ਚਾਈਲਡ ਕੇਅਰ ਪ੍ਰੋਵਾਈਡਰਜ਼



ਟੋਰਾਂਟੋ, 26 ਜੁਲਾਈ (ਪੋਸਟ ਬਿਊਰੋ) : ਕਿਮ ਯੀਮਨਜ਼ ਚਾਈਲਡ ਕੇਅਰ ਸੈਂਟਰ ਦਾ ਸਟਾਫ 15 ਨਿੱਕੇ ਬਿੰਨਜ਼ ਨੂੰ ਖਾਲੀ ਕਰਨ ਤੇ ਮੁੜ ਭਰਨ ਵਿੱਚ ਰੁੱਝਿਆ ਹੋਇਆ ਸੀ। ਇਹ ਸਾਰਾ ਕੋਵਿਡ-19 ਸਬੰਧੀ ਨੀਤੀਆਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾ ਰਿਹਾ ਹੈ ਜਾਂ ਉਹ ਖੁਦ ਹੀ ਅਜਿਹਾ ਕਰ ਰਹੇ ਹਨ ਇਸ ਬਾਰੇ ਅਜੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ। ...ਬਾਕੀ ਪੰਨਾ 5 'ਤੇ

## ਫੋਰਡ ਨੇ ਹੈਲਥ ਕੇਅਰ ਵਰਕਰਜ਼ ਨੂੰ ਟੀਕਾਕਰਣ ਕਰਵਾਉਣ ਦੀ ਕੀਤੀ ਅਪੀਲ



ਓਨਟਾਰੀਓ, 26 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਆਖਿਆ ਕਿ ਉਹ ਹੈਲਥ ਕੇਅਰ ਵਰਕਰਜ਼ ਨੂੰ ਬੇਨਤੀ ਕਰਦੇ ਹਨ ਕਿ ਉਹ ਕੋਵਿਡ-19 ਸਬੰਧੀ ਆਪਣਾ ਟੀਕਾਕਰਣ ਕਰਵਾਉਣ। ਪਰ ਜਿਨ੍ਹਾਂ ਹੈਲਥ ਵਰਕਰਜ਼ ਵੱਲੋਂ ਟੀਕਾਕਰਣ ਕਰਵਾਉਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਥੋੜ੍ਹੇ ਥੋੜ੍ਹੇ ਸਮੇਂ ਬਾਅਦ ਉਨ੍ਹਾਂ ਦਾ ਕੋਵਿਡ-19 ਟੈਸਟ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

ਟੋਰਾਂਟੋ ਯੂਨੀਵਰਸਿਟੀ ਹੈਲਥ ਨੈੱਟਵਰਕ ਦੇ ਸੀਈਓ ਕੈਵਿਨ ਸਮਿੱਥ ਵੱਲੋਂ ਪਿਛਲੇ ਹਫਤੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਉਨ੍ਹਾਂ ਨੇ ਆਪਣੇ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਸਟਾਫ ਨੂੰ ਕੰਮ ਉੱਤੇ ਆਉਣ ਤੋਂ 48 ਘੰਟੇ ਪਹਿਲਾਂ ਕੋਵਿਡ-19 ਦੇ ਨੈਗੇਟਿਵ ਟੈਸਟ ਪੇਸ਼ ਕਰਨ ਲਈ ਆਖਿਆ ਹੈ। ਫੋਰਡ ਨੇ ਆਖਿਆ ਕਿ ਉਹ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਵਰਕਰਜ਼ ਤੋਂ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਮੰਗਣ ਵਾਲੇ ਹਸਪਤਾਲਾਂ ਦਾ ਸਮਰਥਨ ਕਰਦੇ ਹਨ ਪਰ ਉਨ੍ਹਾਂ ਇਹ ਵੀ ਆਖਿਆ ਕਿ ਪ੍ਰੋਵਿੰਸ ਹਸਪਤਾਲਾਂ ਨੂੰ ਇਹ ਤਾਕੀਦ ਨਹੀਂ ਕਰ ਸਕਦਾ ਕਿ ਇਸ ਨੂੰ ਪਾਲਿਸੀ ਵਜੋਂ ਲਾਗੂ ਕੀਤਾ ਜਾਵੇ।

ਫੋਰਡ ਨੇ ਇਹ ਵੀ ਆਖਿਆ ਕਿ ਉਹ ਹੈਲਥ ਕੇਅਰ ਵਰਕਰਜ਼ ਨਾਲ ਵੈਕਸੀਨੇਸ਼ਨ ਕਰਵਾਉਣ ਲਈ ਧੱਕਾ ਨਹੀਂ ਕਰ ਸਕਦੇ, ਹਾਲਾਂਕਿ ਕੁੱਝ ਮੈਡੀਕਲ ਮਾਹਿਰਾਂ ਵੱਲੋਂ ਅਜਿਹਾ ਕੀਤੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਪਰ ਉਨ੍ਹਾਂ ਆਖਿਆ ਕਿ ਜਦੋਂ ਸਾਡੇ ਕੋਲ ਵੈਕਸੀਨ ਹੈ ਤੇ ਜਿਹੜੇ ਲੋਕ ਹੈਲਥ ਕੇਅਰ ਇੰਡਸਟਰੀ ਨਾਲ ਜੁੜੇ ਹਨ ਉਨ੍ਹਾਂ ਨੂੰ ਇਹ ਵੈਕਸੀਨੇਸ਼ਨ ਜ਼ਰੂਰ ਕਰਵਾਉਣੀ ਚਾਹੀਦੀ ਹੈ।

## ਡੈਲਟਾ ਵੇਰੀਐਂਟ ਦੇ ਡਰੋਂ ਟਰੈਵਲ ਸਬੰਧੀ ਪਾਬੰਦੀਆਂ ਨਹੀਂ ਹਟਾਏਗਾ ਅਮਰੀਕਾ



ਵਾਸ਼ਿੰਗਟਨ, 26 ਜੁਲਾਈ (ਪੋਸਟ ਬਿਊਰੋ) : ਹੱਦੋਂ ਵੱਧ ਤੇਜ਼ੀ ਨਾਲ ਫੈਲਣ ਵਾਲੇ ਡੈਲਟਾ ਵੇਰੀਐਂਟ ਅਤੇ ਅਮਰੀਕਾ ਵਿੱਚ ਕਰੋਨਾਵਾਇਰਸ ਦੇ ਵੱਧ ਰਹੇ ਮਾਮਲਿਆਂ ਕਾਰਨ ਅਮਰੀਕਾ ਵੱਲੋਂ ਹਾਲ ਦੀ ਘੜੀ ਟਰੈਵਲ ਸਬੰਧੀ ਪਾਬੰਦੀਆਂ ਹਟਾਉਣ ਤੋਂ ਇਨਕਾਰ ਕੀਤਾ ਗਿਆ ਹੈ। ਇਹ ਜਾਣਕਾਰੀ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਵੱਲੋਂ ਦਿੱਤੀ ਗਈ।

ਸ਼ੁੱਕਰਵਾਰ ਨੂੰ ਵ੍ਹਾਈਟ ਹਾਊਸ ਵਿੱਚ ਹੋਈ ਸੀਨੀਅਰ ਪੱਧਰ ਦੇ ਅਧਿਕਾਰੀਆਂ ਦੀ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ। ਇਸ ਤੋਂ ਭਾਵ ਇਹ ਹੈ ਕਿ 2020 ਤੋਂ ਪੂਰੀ ਦੁਨੀਆ ਦੀ ਆਬਾਦੀ ਨੂੰ ਅਮਰੀਕਾ ਆਉਣ ਤੋਂ ਰੋਕਣ ਵਾਲੀਆਂ ਟਰੈਵਲ ਸਬੰਧੀ ਪਾਬੰਦੀਆਂ ਨੂੰ ਨੇੜ ਭਵਿੱਖ ਵਿੱਚ ਹਟਾਇਆ ਨਹੀਂ ਜਾਵੇਗਾ। ਅਧਿਕਾਰੀਆਂ ਨੇ ਦੱਸਿਆ ਕਿ ਅਮਰੀਕਾ ਤੇ ਹੋਰਨਾਂ ਦੇਸ਼ਾਂ ਵਿੱਚ ਫੈਲ ਰਹੇ ਡੈਲਟਾ ਵੇਰੀਐਂਟ ਕਾਰਨ ਕੋਵਿਡ-19 ਮਾਮਲਿਆਂ ਵਿੱਚ ਕਾਫੀ ਵਾਧਾ ਹੋਇਆ ਹੈ। ਇਨ੍ਹਾਂ ਮਾਮਲਿਆਂ ਵਿੱਚ ਬਹੁਤਾਤ ਉਨ੍ਹਾਂ ਲਕਾਂ ਦੀ ਹੈ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਤੇ ਇਨ੍ਹਾਂ ਵਿੱਚ ਆਉਣ ਵਾਲੇ ਹਫਤਿਆਂ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਹੈ।

ਇਸ ਐਲਾਨ ਨਾਲ ਅਮਰੀਕੀ ਏਅਰਲਾਈਨਜ਼ ਤੇ ਅਮਰੀਕੀ ਟੂਰਿਜ਼ਮ ਇੰਡਸਟਰੀ ਨੂੰ ਵੱਡਾ ਝਟਕਾ ਲੱਗਿਆ ਹੈ। ਜ਼ਿਕਰਯੋਗ ਹੈ ਕਿ ਏਅਰਲਾਈਨਜ਼ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਇਹ ਪਾਬੰਦੀਆਂ ਹਟਾਉਣ ਲਈ ਵ੍ਹਾਈਟ ਹਾਊਸ ਵਿੱਚ ਲਾਬਿੰਗ ਕੀਤੀ ਜਾਂਦੀ ਰਹੀ ਹੈ। ਇਸ ਸਮੇਂ ਅਮਰੀਕਾ ਵੱਲੋਂ ਉਨ੍ਹਾਂ ਗੈਰ ਅਮਰੀਕੀ ਨਾਗਰਿਕਾਂ ਉੱਤੇ ਪਾਬੰਦੀ ਲਗਾਈ ਗਈ ਹੈ ਜਿਹੜੇ ਪਿਛਲੇ 14 ਦਿਨਾਂ ਵਿੱਚ ਯੂਨਾਈਟਿਡ ਕਿੰਗਡਮ, ਯੂਰਪ ਦੇ 26 ਦੇਸ਼ਾਂ, ਆਇਰਲੈਂਡ, ਚੀਨ, ਭਾਰਤ, ਸਾਊਥ ਅਫਰੀਕਾ, ਇਰਾਨ ਤੇ ਬ੍ਰਾਜ਼ੀਲ ਤੋਂ ਗਏ ਹਨ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL
416 938 4598

Law Office of Aman Sharma
Real Estate | Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Dubai Jewellers
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan Mob: 416-465-1200
www.dubaijewellers.ca
info@dubaijewellers.ca

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ


ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill Certified & Licensed Exterminator

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance | Walkie pallet | Electric Motor | Cherry Order
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
2GB
$35/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 2GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਓਨਟਾਰੀਓ ਦੇ ਨਰਸਿੰਗ ਸੈਕਟਰ ਵਿੱਚੋਂ ਪਲਾਇਨ ਬਾਰੇ ਸੋਚ ਰਹੀਆਂ ਹਨ ਨਰਸਾਂ ?

ਓਨਟਾਰੀਓ, 26 ਜੁਲਾਈ (ਪੋਸਟ ਬਿਊਰੋ) :ਆਰਐਨਏਓ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਅਨੁਸਾਰ ਨਰਸਿੰਗ ਸੈਕਟਰ ਵਿੱਚੋਂ ਹੁਣ ਸਟਾਫ ਪਲਾਇਨ ਕਰਦਾ ਜਾ ਰਿਹਾ ਹੈ। 29 ਜਨਵਰੀ ਤੋਂ 22 ਫਰਵਰੀ ਦਰਮਿਆਨ ਕਰਵਾਏ ਗਏ ਸਰਵੇਖਣ ਵਿੱਚ 2100 ਰਜਿਸਟਰਡ ਨਰਸਾਂ, ਨਰਸ ਪ੍ਰੈਕਟਿਸ਼ਨਰਜ਼ (ਐਨਪੀ) ਤੇ ਓਨਟਾਰੀਓ ਵਿੱਚ ਕੰਮ ਕਰਨ ਵਾਲੇ ਨਰਸਿੰਗ ਵਿਦਿਆਰਥੀਆਂ ਨੇ ਹਿੱਸਾ ਲਿਆ। ਸਰਵੇਖਣ ਵਿੱਚ ਹਿੱਸਾ ਲੈਣ ਵਾਲੀਆਂ 95 ਫੀ ਸਦੀ ਨਰਸਾਂ ਨੇ ਆਖਿਆ ਕਿ ਮਹਾਂਮਾਰੀ ਕਾਰਨ ਉਨ੍ਹਾਂ ਦਾ ਕੰਮ ਕਾਫੀ ਪ੍ਰਭਾਵਿਤ ਹੋਇਆ ਹੈ। ਬਹੁਗਿਣਤੀ ਨਰਸਾਂ ਨੇ ਆਖਿਆ ਕਿ ਉਨ੍ਹਾਂ ਦੇ ਤਣਾਅ ਦਾ ਪੱਧਰ ਕਾਫੀ ਵੱਧ ਗਿਆ ਹੈ। 26 ਤੋਂ 35 ਸਾਲ ਦਰਮਿਆਨ ਦੀਆਂ 13 ਫੀ ਸਦੀ ਰਜਿਸਟਰਡ ਨਰਸਾਂ ਦਾ ਕਹਿਣਾ ਹੈ ਕਿ ਮਹਾਂਮਾਰੀ ਤੋਂ ਬਾਅਦ ਉਹ ਆਪਣਾ ਕਿੱਤਾ ਬਦਲ ਲੈਣਗੀਆਂ।

ਰਜਿਸਟਰਡ ਨਰਸਿੰਗ ਐਸੋਸਿਏਸ਼ਨ ਆਫ ਓਨਟਾਰੀਓ ਦੀ ਸੀਈਓ ਡੌਰਿਸ ਗ੍ਰਿਨਸਪਨ ਨੇ ਆਖਿਆ ਕਿ ਐਨੀਆਂ ਨਰਸਾਂ ਵੱਲੋਂ ਆਪਣੇ ਕਰੀਅਰ ਦੇ ਸ਼ੁਰੂਆਤੀ ਪੱਧਰ ਉੱਤੇ ਹੀ ਕਿੱਤਾ ਬਦਲਣ ਦੀ ਗੱਲ ਕਰਨ ਨਾਲ ਸਿਹਤ ਸਿਸਟਮ ਦੇ ਕੰਮਕਾਜ ਉੱਤੇ ਕਾਫੀ ਨਕਾਰਾਤਮਕ ਤੇ ਦੇਰ ਤੱਕ ਰਹਿਣ ਵਾਲਾ ਅਸਰ ਪਵੇਗਾ। ਇਸ ਲਈ ਸਾਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਸ ਪਾਸੇ ਫੌਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਆਖਿਆ ਕਿ ਓਨਟਾਰੀਓ ਸਰਕਾਰ ਨੂੰ ਨਰਸਾਂ ਨੂੰ ਭਰਤੀ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਸਿਹਤ ਕਿੱਤੇ ਨਾਲ ਜੋੜ ਕੇ ਰੱਖਣ ਦੀ ਵੀ ਲੋੜ ਹੈ।




ਯੂਨੀਵਰਸਿਟੀ ਪੱਧਰ ਉੱਤੇ ਪ੍ਰੋਵਿੰਸ ਵੱਲੋਂ ਨਰਸਿੰਗ ਵਿਦਿਆਰਥੀਆਂ ਲਈ 800 ਨਵੀਆਂ ਸੀਟਾਂ ਕਾਇਮ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਇਸ ਸਾਲ ਦੇ ਅੰਤ ਵਿੱਚ ਭਰਿਆ ਜਾਵੇਗਾ। ਇਹ ਬਹੁਤ ਚੰਗੀ ਗੱਲ ਹੈ ਪਰ ਨਰਸ ਬਣ ਕੇ ਤਿਆਰ ਹੋਣ ਵਿੱਚ ਚਾਰ ਸਾਲ ਦਾ ਸਮਾਂ ਲੱਗ ਜਾਵੇਗਾ। ਇਹ ਚੰਗੀ ਗੱਲ਼ ਤਾਂ ਹੈ ਪਰ ਬਹੁਤ ਕਾਰਗਰ ਨਹੀਂ। ਨਰਸਾਂ ਨੂੰ ਇਸ ਕਿੱਤੇ ਨਾਲ ਜੋੜੀ ਰੱਖਣ ਲਈ ਸਰਕਾਰ ਨੂੰ ਬਿੱਲ 124 ਮਨਸੂਖ ਕਰਨਾ ਹੋਵੇਗਾ। ਜ਼ਿਕਰਯੋਗ ਹੈ ਕਿ ਬਿੱਲ 124 ਫਰਡ ਸਰਕਾਰ ਵੱਲੋਂ 2019 ਵਿੱਚ ਲਿਆਂਦਾ ਗਿਆ ਸੀ। ਇਸ ਵਿੱਚ ਆਖਿਆ ਗਿਆ ਸੀ ਕਿ ਪਬਲਿਕ ਸੈਕਟਰ ਦੇ ਮੁਆਵਜ਼ੇ ਵਿੱਚ ਵਾਧਾ ਹੋਣ ਨਾਲ ਪ੍ਰੋਵਿੰਸ ਦੇ ਪਬਲਿਕ ਸੈਕਟਰ ਦੀ ਝਲਕ ਮਿਲਦੀ ਹੈ।

ਬਿੱਲ ਵਿੱਚ ਨਰਸਾਂ ਦੀ ਤਨਖਾਹ ਵਿੱਚ ਹੋਣ ਵਾਲੇ ਸਾਲਾਨਾ ਇੱਕ ਫੀ ਸਦੀ ਵਾਧੇ ਨੂੰ ਸੀਮਤ ਕਰ ਦਿੱਤਾ ਗਿਆ ਸੀ। ਪ੍ਰੋਵਿੰਸ ਭਰ ਦੀਆਂ ਨਰਸਾਂ ਦਾ ਕਹਿਣਾ ਹੈ ਕਿ ਬਿੱਲ 124 ਉਨ੍ਹਾਂ ਦੀ ਸਾਂਝੇ ਤਰ ਉੱਤੇ ਤੋਲ ਮੋਲ ਕਰਨ ਦੀ ਉਨ੍ਹਾਂ ਦੀ ਕਾਬਲੀਅਤ ਵਿੱਚ ਦਖਲ ਦੇ ਰਿਹਾ ਹੈ ਤੇ ਜਿਸ ਤਨਖਾਹ ਦੀਆਂ ਉਹ ਹੱਕਦਾਰ ਹਨ ਉਸ ਨੂੰ ਹਾਸਲ ਕਰਨ ਦੇ ਰਾਹ ਵਿੱਚ ਰੋੜਾ ਅਟਕਾ ਰਿਹਾ ਹੈ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936



Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton Group-Realty Experts
Brokerage*
Jagdish Grewal
Sales Repersentative
President Realty Inc.
Brokerage*



## ਅੱਜ ਨਾਮਾ

ਕੱਢ ਲਈ ਜਦੋਂ ਅਮਰੀਕਾ ਨੇ ਫੌਜ ਸਾਰੀ,
ਤਾਲਿਬਾਨਾਂ ਫਿਰ ਚੁੱਕ ਲਈ ਅੱਤ ਮੀਆਂ।
ਲਾ ਕੇ ਲਾਈਨਾਂ ਤੇ ਮਾਰਨ ਸੀ ਲੋਕ ਲੱਗੇ,
ਲੱਗੇ ਥਾਂ-ਥਾਂ ਵਗਾਉਣ ਫਿਰ ਰੱਤ ਮੀਆਂ।
ਚੜ੍ਹਿਆ ਏਨਾ ਜਨੂੰਨ ਪਿਆ ਸਿਰਾਂ ਉੱਤੇ,
ਅਸਲੋਂ ਮਾਰੀ ਗਈ ਜਾਪਦੀ ਮੱਤ ਮੀਆਂ।
ਤਾਂਹੀ ਰੂਸ ਦੀ ਆਈ ਬਈ ਫੌਜ ਓਧਰ,
ਲੱਗਾ ਗੱਡਣ ਫਿਰ ਜਾਪਦਾ ਲੱਤ ਮੀਆਂ।
ਆ ਗਿਆ ਰੂਸ ਤਾਂ ਜਾਣਾ ਫਿਰ ਪੈ ਮੋੜਾ,
ਚੱਲ ਪਊ ਨਵਾਂ ਲੜਾਈ ਦਾ ਗੇੜ ਮੀਆਂ।
ਤਾਲਿਬਾਨ ਦੀ ਕਾਬਲ ਵੱਲ ਚੜ੍ਹਤ ਰੋਕੂ,
ਚੱਪੇ-ਚੱਪੇ ਲਈ ਹੋਊ ਫਿਰ ਭੇੜ ਮੀਆਂ।

**ਤੀਸ ਮਾਰ ਖਾਂ**

# ਭਾਰਤ ਦੇ ਦੋ ਰਾਜਾਂ ਅਸਾਮ ਤੇ ਮਿਜ਼ੋਰਮ ਦੇ ਹੱਦ ਦੇ ਝਗੜੇ ਤੋਂ ਪੁਲਿਸ ਦੇ ਛੇ ਜਵਾਨਾਂ ਦੀ ਮੌਤ

ਆਈਜ਼ੋਲ/ਹੈਲਾਕਾਂਡੀ, 26 ਜੁਲਾਈ, (ਪੋਸਟ ਬਿਊਰੋ)-ਭਾਰਤ ਦੇ ਦੋ ਉੱਤਰ-ਪੂਰਬੀ ਰਾਜਾਂ ਅਸਾਮ ਅਤੇ ਮਿਜ਼ੋਰਮ ਦੀ ਹੱਦ ਉੱਤੇ ਸੋਮਵਾਰ ਨੂੰ ਆਪਸ ਵਿੱਚ ਹਿੰਸਾ ਭੜਕ ਗਈ, ਜਿਸ ਵਿੱਚ ਅਸਾਮ ਪੁਲਿਸ ਦੇ ਛੇ ਜਵਾਨਾਂ ਦੀ ਮੌਤ ਹੋ ਗਈ ਤੇ ਹਿੰਸਾ ਵਿੱਚ ਵਾਹਨਾਂ ਉੱਤੇ ਹਮਲਾ ਕੀਤੇ ਜਾਣ ਦੀਆਂ ਖ਼ਬਰਾਂ ਹਨ। ਦੋਵੇਂ ਰਾਜਾਂ ਦੇ ਮੁੱਖ ਮੰਤਰੀਆਂ ਨੇ ਇਸ ਬਾਰੇ ਟਵੀਟ ਕਰ ਕੇ ਇੱਕ-ਦੂਸਰੇ ਦੇ ਅਧਿਕਾਰੀਆਂ ਉੱਤੇ ਦੋਸ਼ ਲਾਏ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਖ਼ਲ ਦੀ ਮੰਗ ਕੀਤੀ ਹੈ। ਇਸ ਘਟਨਾ ਦੀ ਇਕ ਵੀਡੀਓ ਵਿੱਚ ਲੋਕ ਡਾਂਗਾਂ ਚੁੱਕੀ ਨਜ਼ਰ ਆ ਰਹੇ ਹਨ।ਤਾਜ਼ਾ ਤਣਾਅ ਨੇ ਕਈ ਦਹਾਕਿਆਂ ਤੋਂ ਚੱਲਦੇ ਆਏ ਵਿਵਾਦ ਨੂੰ ਹਵਾ ਦੇ ਦਿੱਤੀ ਅਤੇ ਇਸ ਨਾਲ ਸਿਆਸਤ ਵੀ ਗਰਮ ਹੋ ਗਈ ਹੈ।

ਮਿਜ਼ੋਰਮ ਦੇ ਮੁੱਖ ਮੰਤਰੀ ਜੋਰਾਮਥੰਗਾ ਨੇ ਦੋਵਾਂ ਰਾਜਾਂ ਦੀ ਹੱਦ ਦੇ ਕੇਸ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਖ਼ਲ ਦੀ ਮੰਗ ਕੀਤੀ ਤੇ ਟਵੀਟ ਕਰ ਕੇ ਕਿਹਾ ਕਿ ਝਗੜਾ ਤੁਰੰਤ ਰੋਕਣਾ ਚਾਹੀਦਾ ਹੈ। ਇਕ ਹੋਰ ਟਵੀਟ ਵਿੱਚ ਉਨ੍ਹਾਂ ਲਿਖਿਆ ਕਿ ਚਾਹਰ ਰਸਤੇ ਮਿਜ਼ੋਰਮ ਆਉਂਦੇ ਸਮੇਂ ਨਿਰਦੋਸ਼ ਵਿਆਹੁਤਾ ਜੋੜੇ ਉੱਤੇ ਗੁੰਡਿਆਂ ਨੇ ਹਮਲਾ ਕਰ ਕੇ ਉਨ੍ਹਾਂ ਦੀ ਗੱਡੀ ਦੀ ਭੰਨ-ਤੋੜ ਕਰ ਦਿੱਤੀ ਹੈ। ਏਦਾਂ ਦੀਆਂ ਹਿੰਸਕ ਘਟਨਾਵਾਂ ਨੂੰ ਤੁਸੀਂ ਕਿਸ ਤਰ੍ਹਾਂ ਜਾਇਜ਼ ਕਹੋਗੇ। ਜਾਣਕਾਰ ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਸਾਮ ਤੇ ਮਿਜ਼ੋਰਮ ਦੇ ਮੁੱਖ ਮੰਤਰੀਆਂ ਨਾਲ ਹੱਦਾਂ ਦੇ ਵਿਵਾਦ ਬਾਰੇ ਗੱਲ ਕੀਤੀ ਅਤੇ ਦੋਵੇਂ ਮੁੱਖ ਮੰਤਰੀਆਂ ਨੂੰ ਸ਼ਾਂਤੀ ਬਹਾਲ ਕਰਨ ਲਈ ਕਿਹਾ ਹੈ। ਇਸ ਦੌਰਾਨ ਅਸਾਮ ਦੇ ਮੁੱਖ ਮੰਤਰੀ ਹੇਮੰਤਾ ਬਿਸਵਾ ਸਰਮਾ ਨੇ ਇੱਕ ਟਵੀਟ ਕਰ ਕੇ ਮਿਜ਼ੋਰਮ ਦੇ ਮੁੱਖ ਮੰਤਰੀ ਨੂੰ ਸ਼ਿਕਾਇਤ ਕਰਦੇ ਹੋਏ ਇਸ ਕੇਸ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ:'ਮਾਣਯੋਗ ਜੋਰਾਮਥੰਗਾ ਜੀ, ਕੋਲਾਸਿਬ (ਮਿਜ਼ੋਰਮ) ਦੇ ਐੱਸ ਪੀ ਨੇ ਸਾਨੂੰ ਆਪਣੀ ਪੋਸਟ ਤੋਂ ਉਦੋਂ ਤਕ ਹਟਣ ਨੂੰ ਕਿਹਾ ਹੈ, ਜਦੋਂ ਤਕ ਉਸ ਰਾਜ ਦੇ ਲੋਕ ਗੱਲ ਨਹੀਂ ਸੁਣਦੇ ਅਤੇ ਹਿੰਸਾ ਨਹੀਂ ਰੁਕਦੀ। ਤੁਸੀਂ ਦੱਸੋ ਕਿ ਇਸ ਹਾਲਤ ਵਿੱਚ ਅਸੀਂ ਕਿੱਦਾਂ ਸਰਕਾਰ ਚਲਾ ਸਕਦੇ ਹਾਂ। ਮੈਨੂੰ ਆਸ ਹੈ ਕਿ ਤੁਸੀਂ ਜਲਦੀਇਸ ਕੇਸ ਵਿੱਚ ਦਖ਼ਲ ਦਿਓਗੇ।' ਹੇਮੰਤਾ ਬਿਸਵ ਸਰਮਾ ਦੇ ਟਵੀਟ ਦਾ ਜੋਰਾਮਥੰਗਾ ਨੇ ਜਵਾਬ ਦੇਂਦਿਆਂ ਅਸਾਮ ਪੁਲਿਸ ਉੱਤੇ ਸਵਾਲ ਕਰ ਕੇ ਲਿਖਿਆ: 'ਪਿਆਰੇ ਹਿਮੰਤਾ ਜੀ, ਅਮਿਤ ਸ਼ਾਹ ਜੀ ਵੱਲੋਂ ਮੁੱਖ ਮੰਤਰੀਆਂ ਦੀ ਬੈਠਕ ਪਿੱਛੋਂ ਹੈਰਾਨੀਜਨਕ ਤੌਰ ਉੱਤੇ ਅਸਾਮ ਪੁਲਿਸ ਦੀਆਂ ਦੋ ਕੰਪਨੀਆਂ ਨੇ ਲੋਕਾਂ ਉੱਤੇ ਲਾਠੀਚਾਰਜ ਕੀਤਾ। ਇਹੀ ਨਹੀਂ, ਅਸਾਮ ਪੁਲਿਸ ਨੇ ਲੋਕਾਂ ਉੱਤੇ ਅੱਥਰੂ ਗੈਸ ਦੇ ਗੋਲ਼ੇ ਦਾਗੇਤੇ ਮਿਜ਼ੋਰਮ ਦੀ ਹੱਦ ਵਿੱਚ ਸੀਆਰਪੀਐੱਫ ਮੁਲਾਜ਼ਮਾਂ ਤੇ ਮਿਜ਼ੋਰਮ ਪੁਲਿਸ ਉੱਤੇ ਹਮਲਾ ਬੋਲਿਆ ਹੈ।'



ਇਨ੍ਹਾਂ ਦੋਵਾਂ ਗੁਆਂਢੀ ਰਾਜਾਂ ਦਾ ਹੱਦਾਂ ਦਾ ਵਿਵਾਦ ਬਹੁਤ ਪੁਰਾਣਾ ਹੈ ਤੇ ਇਸ ਨੂੰਖਤਮ ਕਰਨ ਲਈ ਸਾਲ 1995 ਤੋਂ ਬਾਅਦ ਕਈ ਵਾਰਗੱਲਬਾਤ ਹੋਈ, ਪਰ ਕੋਈਲਾਭ ਨਹੀਂ ਹੋਇਆ। ਮਿਜ਼ੋਰਮ ਦੇ ਤਿੰਨ ਜ਼ਿਲ੍ਹੇ ਆਈਜ਼ੋਲ, ਕੋਲਾਸਿਬ ਅਤੇ ਮਮਿਤ ਅਤੇ ਅਸਾਮ ਦੇ ਤਿੰਨ ਜ਼ਿਲ੍ਹੇ ਕੱਛਾਰ, ਕਰੀਮਗੰਜ ਤੇ ਹੈਲਾਕਾਂਡੀ ਇਕ-ਦੂਸਰੇ ਨਾਲ ਲੱਗਦੇ ਹਨ ਅਤੇ ਦੋਵੇਂ ਰਾਜਾਂ ਦੇ ਇਹ ਜ਼ਿਲ੍ਹੇ ਆਪ-ਵਿੱਚ ਲਗਭਗ 164.6 ਕਿਲੋਮੀਟਰ ਲੰਮੀ ਹੱਦ ਸਾਂਝੀ ਕਰਦੇ ਹਨ। ਤਾਜ਼ਾ ਵਿਵਾਦ ਉਸ ਵੇਲੇ ਉੱਠਿਆ ਹੈ, ਜਦੋਂ ਪਿੱਛੇ ਜਿਹੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰ-ਪੂਰਬੀ ਰਾਜਾਂ ਦਾ ਦੌਰਾ ਕੀਤਾ ਸੀ। ਕਈ ਸਾਲਾਂ ਤੋਂ ਹੱਦ ਦੇ ਵਿਵਾਦ ਵਾਲੇ ਇਸ ਖੇਤਰ ਵਿੱਚ ਝੜਪਾਂ ਹੋ ਰਹੀਆਂ ਹਨਅਤੇ ਦੋਵਾਂ ਰਾਜਾਂ ਦੇ ਲੋਕ ਇਕ-ਦੂਸਰੇ ਉੱਤੇ ਘੁਸਪੈਠ ਦਾ ਦੋਸ਼ ਲਾਉਂਦੇ ਹਨ। ਇਸ ਤੋਂ ਪਹਿਲਾਂ ਜੂਨ ਵਿੱਚ ਦੋਵੇਂ ਰਾਜਾਂ ਦੇ ਅਫਸਰਾਂ ਨੇ ਇਕ-ਦੂਸਰੇ ਉੱਤੇ ਘੁਸਪੈਠ ਦਾ ਦੋਸ਼ ਲਾਇਆ ਸੀ। ਅਸਾਮ ਦੇ ਅਧਿਕਾਰੀਆਂ ਤੇ ਵਿਧਾਇਕਾਂ ਨੇ ਮਿਜ਼ੋਰਮ ਉੱਤੇਆਸਾਮ ਵਿੱਚ ਹੈਲਾਕਾਂਡੀ ਵਿੱਚ ਦਸ ਕਿਲੋਮੀਟਰ ਅੰਦਰ ਉਸਾਰੀ ਕਰਨ ਤੇ ਸੁਪਾਰੀ ਅਤੇ ਕੇਲੇ ਦੀ ਫਸਲ ਬੀਜਣ ਦਾ ਦੋਸ਼ ਲਾਇਆ ਸੀ। ਮੇਘਾਲਿਆ ਅਤੇ ਅਰੁਣਾਚਲ ਪ੍ਰਦੇਸ਼ ਨਾਲ ਵੀ ਅਸਾਮ ਦਾ ਹੱਦਾਂ ਬਾਰੇ ਵਿਵਾਦ ਚੱਲਦਾ ਹੈ ਅਤੇ ਕਈ ਵਾਰ ਟਕਰਾਅ ਹੋ ਚੁੱਕਾ ਹੈ।

# ਇੱਕ ਵਿਅਕਤੀ ਨੂੰ ਸਾੜਨ ਦੀ ਕੋਸ਼ਿਸ਼ ਕਰਨ ਵਾਲੇ ਨੂੰ ਕੀਤਾ ਗਿਆ ਚਾਰਜ

ਲੰਡਨ, ਓਨਟਾਰੀਓ, 26 ਜੁਲਾਈ (ਪੋਸਟ ਬਿਊਰੋ) : ਵੀਕੈਂਡ ਉੱਤੇ ਇੱਕ ਵਿਅਕਤੀ ਨੂੰ ਕਥਿਤ ਤੌਰ ਉੱਤੇ ਜਾਣਬੁੱਝ ਕੇ ਸਾੜਨ ਦੀ ਕੋਸ਼ਿਸ਼ ਕਰਨ ਵਾਲੇ ਲੰਡਨ, ਓਨਟਾਰੀਓ ਦੇ 33 ਸਾਲਾ ਵਿਅਕਤੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਉਹ ਵਿਅਕਤੀ ਬੁਰੀ ਤਰ੍ਹਾਂ ਝੁਲਸ ਗਿਆ ਜਿਸ ਨੂੰ ਸਾੜ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ।

ਸ਼ਨਿੱਚਰਵਾਰ ਨੂੰ ਸ਼ਾਮੀਂ 5:15 ਉੱਤੇ ਪੁਲਿਸ ਅਧਿਕਾਰੀਆਂ ਨੂੰ ਥੌਂਪਸਨ ਰੋਡ ਤੇ ਜੈਕਲੀਨ ਸਟਰੀਟ ਇਲਾਕੇ ਵਿੱਚ ਗੰਭੀਰ ਹਮਲੇ ਦੀ ਰਿਪੋਰਟ ਦੇ ਕੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਬਹਿਸ ਤੋਂ ਬਾਅਦ ਦੂਜੇ ਵਿਅਕਤੀ ਵੱਲੋਂ ਜਾਣਬੁੱਝ ਕੇ ਅੱਗ ਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਜ਼ਖ਼ਮੀ ਹੋਇਆ 66 ਸਾਲਾ ਵਿਅਕਤੀ ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਮਸ਼ਕੂਕ ਨੂੰ ਮੌਕੇ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ। ਮਸ਼ਕੂਕ ਕੋਲੋਂ ਚਾਕੂ ਤੇ ਕੁੱਝ ਅਸਲਾ ਵੀ ਬਰਾਮਦ



ਹੋਇਆ। ਸੋਮਵਾਰ ਨੂੰ ਪੁਲਿਸ ਨੇ ਐਲਾਨ ਕੀਤਾ ਕਿ ਲੰਡਨ ਦੇ 33 ਸਾਲਾ ਕ੍ਰਿਸਟੋਫਰ ਜੀਵਾ ਰੈਡੋਵਾਨੋਵੀਚੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ, ਪ੍ਰੋਬੇਸ਼ਨ ਦੀ ਉਲੰਘਣਾ ਕਰਨ ਦੇ ਦੋ ਮਾਮਲਿਆਂ ਤੇ ਮਨਾਹੀ ਦੇ ਹੁਕਮਾਂ ਦੇ ਬਾਵਜੂਦ ਹਥਿਆਰ ਜਾਂ ਅਸਲਾ ਰੱਖਣ ਦੇ ਛੇ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ। ਰੈਡੋਵਾਨੋਵੀਚੀ ਨੂੰ ਹਿਰਾਸਤ ਵਿੱਚ ਹੀ ਰੱਖਿਆ ਗਿਆ ਹੈ ਤੇ ਉਸ ਨੂੰ ਸੋਮਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

# ਨਵਜੋਤ ਸਿੱਧੂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਦੇ ਸਾਰ ਵਿਵਾਦਾਂ ਵਿੱਚ ਘਿਰੇ

*** ਕਿਸਾਨ ਆਗੂਆਂ ਨੇ ਠੋਕਵੇਂ ਜਵਾਬ ਦਿੱਤੇ**

ਬਠਿੰਡਾ, 26 ਜੁਲਾਈ, (ਪੋਸਟ ਬਿਊਰੋ)-ਪੰਜਾਬ ਕਾਂਗਰਸ ਦਾ ਪ੍ਰਧਾਨ ਬਣਦੇ ਸਾਰ ਨਵਜੋਤ ਸਿੰਘ ਸਿੱਧੂ ਵਿਵਾਦਾਂ ਵਿਚ ਘਿਰ ਗਏ ਹਨ, ਕਿਉਂਕਿ ਚੰਡੀਗੜ੍ਹ ਵਿਚ ਹੋਏ ਤਾਜਪੋਸ਼ੀ ਸਮਾਗਮ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ 'ਮੈਂ ਕਿਸਾਨ ਮੋਰਚਾ ਦੇ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਪਿਆਸਾ ਖੂਹ ਕੋਲ ਆਉਂਦਾ ਹੈ, ਖੂਹ ਪਿਆਸੇ ਕੋਲ ਨਹੀਂ ਆਉਂਦਾ। ਮੈਂ ਤੁਹਾਨੂੰ ਸੱਦਾ ਦੇਂਦਾ ਹਾਂ ਕਿ ਮੈਨੂੰ ਮਿਲੋ। ਮੈਂ ਜਾਣਦਾ ਹਾਂ ਕਿ ਤਿੰਨ ਕਾਲੇ ਕਾਨੂੰਨ ਤੁਸੀਂ ਲਾਗੂ ਨਹੀਂ ਹੋਣ ਦੇਣੇ। ਸਰਕਾਰ ਵੀ ਤੁਸੀਂ ਡੇਗ ਦਿਓਗੇ, ਪਰ ਇਸ ਦਾ ਹੱਲ ਕੀ ਹੈ, ਆਓ ਇਸ ਉੱਤੇ ਗੱਲ ਕਰੀਏ। ਸਾਡੀ ਸਰਕਾਰ ਦੀ ਤਾਕਤ ਕਿੱਦਾਂ ਕੰਮ ਆ ਸਕਦੀ ਹੈ।' ਇਸ ਬਿਆਨ ਤੋਂ ਕਿਸਾਨ ਸੰਗਠਨ ਭੜਕ ਉੱਠੇ ਅਤੇ ਉਨ੍ਹਾਂ ਨੇ ਸਿੱਧੂ ਨੂੰ ਹੰਕਾਰੀ ਕਿਹਾ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ 'ਸਿੱਧੂ ਦਾ ਹੰਕਾਰ ਸਿਰ ਚੜ੍ਹ ਕੇ ਬੋਲ ਰਿਹਾ ਹੈ। ਉਹ ਸ਼ਹਾਦਤਾ ਦੇਣ ਵਾਲੇ ਕਿਸਾਨਾਂ ਨੂੰ ਪਿਆਸੇ ਦੱਸਦਾ ਹੈ। ਕਾਰਪੋਰੇਟ ਘਰਾਣਿਆਂ ਅੱਗੇ ਸੀਨਾ ਤਾਣ ਕੇ ਖੜੇ ਕਿਸਾਨਾਂ ਨੂੰ ਪਿਆਸਾ ਕਹਿੰਦਾ ਹੈ। ਸਿੱਧੂ ਕਿਸੇ ਸੰਵਿਧਾਨਕ ਅਹੁਦੇ ਉੱਤੇ ਨਹੀਂ, ਇੱਕ ਪਾਰਟੀ ਦਾ ਪ੍ਰਧਾਨ ਹੈ ਅਤੇ ਪਾਰਟੀ ਪ੍ਰਧਾਨ ਕੁਝ ਕਰ ਹੀ ਨਹੀਂ ਸਕਦਾ।' ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਸਰਵਨ ਸਿੰਘ ਪੰਧੇਰ ਨੇ ਵੀ ਕਿਹਾ ਹੈ ਕਿ ਸਿੱਧੂ ਨੂੰ ਪ੍ਰਧਾਨਗੀ ਦਾ ਨਸ਼ਾ ਹੋ ਗਿਆ ਹੈ।



ਦੂਸਰੇ ਪਾਸੇ ਕਿਸਾਨ ਯੂਨੀਅਨ ਦੇ ਜ਼ਿਲਾ ਬਠਿੰਡਾ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਦੇ ਬਾਰੇ ਨਵਜੋਤ ਸਿੰਘ ਸਿੱਧੂ ਦੀ ਭਾਸ਼ਾ ਹੀ ਠੀਕ ਨਹੀਂ, ਜਿਹੜੇ ਕਿਸਾਨਾਂ ਨੂੰ ਉਹ ਪਿਆਸਾ ਦੱਸਦੇ ਹਨ, ਉਨ੍ਹਾਂ ਕਿਸਾਨਾਂ ਦਾ ਪੈਦਾ ਕੀਤਾ ਅਨਾਜ ਖਾਂਦੇ ਹਨ। ਜੇ ਇਹੋ ਗੱਲ ਹੈ ਤਾਂ ਸਿੱਧੂ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੇ ਅਨਾਜ ਨੂੰ ਹੱਥ ਨਾ ਲਾਉਣ। ਕਿਸਾਨ ਆਗੂ ਜਗਸੀਰ ਸਿੰਘ ਝੁੰਬਾ ਨੇ ਕਿਹਾ ਕਿ 'ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦਾ ਮਕਸਦ ਪੰਜਾਬ ਦੇ ਲੋਕਾਂ ਦਾ ਧਿਆਨ ਭਟਕਾਉਣਾ ਹੈ ਤਾਂ ਕਿ ਪੰਜਾਬ ਦੇ ਮੁੱਦਿਆਂ ਨੂੰ ਲੋਕ ਭੁੱਲ ਜਾਣ। ਇਹ ਸਿਆਸੀ ਡਰਾਮਾ ਹੈ, ਜਿਸ ਤੋਂ ਬਾਅਦ ਕਿਸਾਨਾਂ ਨੂੰ ਕੁਝ ਨਹੀਂ ਮਿਲੇਗਾ, ਪਰ ਪੰਜਾਬ ਦੇ ਲੋਕ ਸਮਝਦਾਰ ਹੋ ਗਏ ਹਨ ਤੇ ਆਪਣੇ ਹੱਕਾਂ ਲਈ ਕਿਸੇ ਦੀਆਂ ਗੱਲਾਂ ਵਿਚ ਨਹੀਂ ਆਉਣਗੇ।' ਇਸ ਤੋਂ ਇਲਾਵਾ ਕਿਸਾਨ ਆਗੂ ਜਸਵੀਰ ਸਿੰਘ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਮੰਤਰੀ ਬਣ ਕੇ ਕੁਝ ਨਹੀਂ ਸਨ ਕਰ ਸਕੇ ਤਾਂ ਕਾਂਗਰਸ ਦਾ ਪ੍ਰਧਾਨ ਬਣ ਕੇ ਕੀ ਕਰ ਲੈਣਗੇ।

# ਪੱਛਮੀ ਬੰਗਾਲ ਸਰਕਾਰ ਨੇ ਪੈਗਾਸਸ ਜਾਸੂਸੀ ਦੀ ਜਾਂਚ ਵਾਸਤੇ ਕਮੇਟੀ ਬਣਾਈ

ਕੋਲਕਾਤਾ, 26 ਜੁਲਾਈ, (ਪੋਸਟ ਬਿਊਰੋ)-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਸੋਮਵਾਰ ਕਿਹਾ ਕਿ ਇਜ਼ਰਾਈਲ ਦੇ ਸਪਾਈਵੇਅਰ ਪੈਗਾਸਸ ਦੇ ਨਾਲ ਸਿਆਸੀ ਆਗੂਆਂ, ਅਫਸਰਾਂ ਅਤੇ ਪੱਤਰਕਾਰਾਂ ਦੀ ਜਾਸੂਸੀਕੀਤੇ ਜਾਣ ਦੇ ਦੋਸ਼ਾਂ ਦੀ ਜਾਂਚ ਲਈ ਉਨ੍ਹਾਂ ਦੀ ਸਰਕਾਰ ਨੇ ਦੋ ਮੈਂਬਰੀ ਜਾਂਚ ਕਮਿਸ਼ਨ ਕਾਇਮ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਜਾਂਚ ਪੈਨਲ ਬਣਾਉਣ ਦਾ ਫ਼ੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਵਿਚ ਸੋਮਵਾਰ ਨੂੰ ਹੋਈ ਕੈਬਨਿਟ ਦੀ ਵਿਸ਼ੇਸ਼ ਮੀਟਿੰਗ ਵਿੱਚ ਕੀਤਾ ਗਿਆ ਤੇ ਪੈਨਲ ਦੇ ਮੈਂਬਰ ਸੇਵਾਮੁਕਤ ਜੱਜ ਹਨ। ਮਮਤਾ ਬੈਨਰਜੀ ਨੇ ਕਿਹਾ, "ਅਸੀਂ ਸੋਚਿਆ ਸੀ ਕਿ ਫ਼ੋਨ ਹੈਕਿੰਗ ਦੀ ਜਾਂਚ ਲਈ ਕੇਂਦਰ ਸਰਕਾਰ ਜਾਂਚ ਕਮਿਸ਼ਨ ਬਣਾਵੇਗੀ ਜਾਂ ਕੋਰਟਦੀ ਨਿਗਰਾਨੀ ਹੇਠ ਜਾਂਚ ਦੇ ਆਦੇਸ਼ ਦਿੱਤੇ ਜਾਣਗੇ, ਪਰ ਕੇਂਦਰ ਦੀ ਸਰਕਾਰ ਕੁਝ ਨਹੀਂ ਕਰ ਰਹੀ, ਇਸ ਲਈ ਅਸੀਂ 'ਜਾਂਚ ਕਮਿਸ਼ਨ' ਤੋਂ ਇਸ ਕੇਸ ਦੀ ਜਾਂਚ ਕਰਾਉਣ ਦਾ ਫ਼ੈਸਲਾ ਕੀਤਾ ਹੈ।" ਉਨ੍ਹਾ ਕਿਹਾ, 'ਪੱਛਮੀ ਬੰਗਾਲ ਦੇ ਲੋਕਾਂ ਦੇ ਨਾਂ ਵੀ ਉਨ੍ਹਾਂ ਲੋਕਾਂ ਵਿੱਚ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਪੈਗਾਸਸ ਨਾਲਜਾਸੂਸੀ ਦਾ ਨਿਸ਼ਾਨਾ ਬਣਾਇਆ ਗਿਆ ਹੈ।ਕੇਂਦਰ ਹਰ ਕਿਸੇਦੀ ਜਾਸੂਸੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਕਮਿਸ਼ਨ ਫੋਨ ਦੀ ਗ਼ੈਰਕਾਨੂੰਨੀ ਹੈਕਿੰਗ ਬਾਰੇ ਪੂਰੀ ਜਾਣਕਾਰੀ ਦਾ ਪਤਾ ਲਾਏਗਾ।'ਮੀਡੀਆ ਰਿਪੋਰਟਾਂ ਮੁਤਾਬਕ ਪੈਗਾਸਸ ਸਪਾਈਵੇਅਰ ਦੀ ਵਰਤੋਂਨਾਲ ਸਿਆਸਤਦਾਨਾਂ, ਸਰਕਾਰੀ ਅਫਸਰਾਂ ਅਤੇ ਪੱਤਰਕਾਰਾਂ ਦੀ ਜਾਸੂਸੀਕਰਵਾਈ ਗਈ ਸੀ, ਜਿਸ ਤੋਂ ਬਾਅਦ ਭਾਰਤ ਤੇ ਸਾਰੀ ਦੁਨੀਆ ਵਿਚਇੱਕ ਵੱਡਾ ਵਿਵਾਦ ਖੜਾ ਹੋ ਗਿਆ ਅਤੇ ਨਰਿੰਦਰ ਮੋਦੀ ਸਰਕਾਰ ਦੇ ਉੱਤੇ ਦੋਸ਼ ਲੱਗ ਰਹੇ ਹਨ।















ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੋਵਿਡ-19 ਪਾਬੰਦੀਆਂ ਵਿੱਚ ਢਿੱਲ ਦੇਣ ਤੋਂ ਬਾਅਦ ਵੱਧ ਸਕਦੇ ਹਨ ਰੈਸਪੀਰੇਟਰੀ ਵਾਇਰਸ ਦੇ ਮਾਮਲੇ : ਰਿਪੋਰਟ



ਟੋਰਾਂਟੋ, 26 ਜੁਲਾਈ (ਪੋਸਟ ਬਿਊਰੋ) : ਕੋਵਿਡ-19 ਦੇ ਮਾਮਲਿਆਂ ਵਿੱਚ ਆ ਰਹੀ ਕਮੀ ਕਾਰਨ ਸੋਸ਼ਲ ਡਿਸਟੈਂਸਿੰਗ ਤੇ ਟਰੈਵਲ ਸਬੰਧੀ ਪਾਬੰਦੀਆਂ ਦੇ ਘਟ ਜਾਣ ਨਾਲ ਡਾਕਟਰਾਂ ਵੱਲੋਂ ਰੈਸਪੀਰੇਟਰੀ ਸਿੰਨਸਿਸ਼ੀਅਲ ਵਾਇਰਸ (ਆਰ ਐਸ ਵੀ) ਦੇ ਫੈਲਣ ਦਾ ਡਰ ਪ੍ਰਗਟਾਇਆ ਜਾ ਰਿਹਾ ਹੈ। ਇਹ ਵਾਇਰਸ ਸੱਭ ਤੋਂ ਵੱਧ ਨਵਜੰਮੇਂ ਬੱਚਿਆਂ ਤੇ ਵੱਧ ਉਮਰ ਵਾਲੇ ਬਾਲਗਾਂ ਉੱਤੇ ਅਸਰ ਕਰ ਸਕਦਾ ਹੈ।

ਆਰ ਐਸ ਵੀ ਲੋਅਰ ਰੈਸਪੀਰੇਟਰੀ ਟਰੈਕਟ ਇਨਫੈਕਸ਼ਨਜ਼ ਜਿਵੇਂ ਕਿ ਨਿਮੋਨੀਆਂ ਤੇ ਬਰੌਂਕਾਇਟਸ ਦਾ ਕਾਰਨ ਹੁੰਦਾ ਹੈ। ਇਸ ਕਾਰਨ ਹਰ ਸਾਲ ਦੁਨੀਆ ਭਰ ਵਿੱਚ 2.7 ਮਿਲੀਅਨ ਮੌਤਾਂ ਹੁੰਦੀਆਂ ਹਨ। ਇਹ ਖੁਲਾਸਾ ਕੈਨੇਡੀਅਨ ਮੈਡੀਕਲ ਐਸੋਸਿਏਸ਼ਨ ਜਰਨਲ ਵਿੱਚ ਸੋਮਵਾਰ ਨੂੰ ਛਪੀ ਕਮੈਂਟਰੀ ਵਿੱਚ ਕੀਤਾ ਗਿਆ। ਇਹ ਬਹੁਤ ਹੀ ਆਮ ਤੇ ਇੱਕ ਵਿਅਕਤੀ ਤੋਂ ਦੂਜੇ ਤੱਕ ਫੈਲਣ ਵਾਲਾ ਵਾਇਰਸ ਹੁੰਦਾ ਹੈ। ਆਮ ਤੌਰ ਉੱਤੇ ਇਹ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਬ੍ਰੌਂਕਾਇਓਲਾਈਟਿਸ ਵਜੋਂ ਮੌਜੂਦ ਹੁੰਦਾ ਹੈ।

ਇੱਕ ਇੰਟਰਵਿਊ ਵਿੱਚ ਇਸ ਕਮੈਂਟਰੀ ਦੇ ਚਾਰ ਆਥਰਜ਼ ਵਿੱਚੋਂ ਇੱਕ ਬੀਸੀ ਚਿਲਡਰਨਜ਼ ਹਾਸਪਿਟਲ ਰਿਸਰਚ ਇੰਸਟੀਚਿਊਟ ਐਂਡ ਦ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਡਾ•ਪਾਸਕਲ ਲੈਵੋਈ ਨੇ ਆਖਿਆ ਕਿ ਅਸੀਂ ਮੁੱਖ ਤੌਰ ਉੱਤੇ ਮੈਡੀਕਲ ਕਮਿਊਨਿਟੀ ਨੂੰ ਐਲਰਟ ਕਰਨਾ ਚਾਹੁੰਦੇ ਹਾਂ ਤਾਂ ਕਿ ਉਹ ਇਸ ਲਈ ਤਿਆਰ ਰਹਿਣ। ਇਸ ਦੇ ਨਾਲ ਹੀ ਅਸੀਂ ਪਰਿਵਾਰਾਂ, ਖਾਸ ਤੌਰ ਉੱਤੇ ਹਾਈ ਰਿਸਕ ਬੱਚਿਆਂ ਦੇ ਮਾਪਿਆਂ ਨੂੰ ਵੀ ਚੌਕਸ ਕਰਨਾ ਚਾਹੁੰਦੇ ਹਾਂ।

ਲੈਵੋਈ ਤੇ ਉਨ੍ਹਾਂ ਦੇ ਸਹਿਯੋਗੀਆਂ ਅਨੁਸਾਰ ਮਹਾਂਮਾਰੀ ਦੌਰਾਨ ਆਰ ਐਸ ਵੀ ਦੇ ਮਾਮਲਿਆਂ ਵਿੱਚ ਕਾਫੀ ਕਮੀ ਆਈ। ਸੋਸ਼ਲ ਡਿਸਟੈਂਸਿੰਗ ਮਾਪਦੰਡ ਅਪਣਾਏ ਜਾਣ ਕਾਰਨ ਇਸ ਦੇ ਪਸਾਰ ਵਿੱਚ ਕਮੀ ਦਰਜ ਕੀਤੀ ਗਈ। ਮਿਸਾਲ ਵਜੋਂ ਕੈਨੇਡਾ ਵਿੱਚ 29 ਅਗਸਤ, 2020 ਤੇ 8 ਮਈ, 2021 ਦਰਮਿਆਨ ਆਰ ਐਸ ਵੀ ਦੇ 239 ਟੈਸਟ ਹੀ ਪਾਜ਼ੀਟਿਵ ਆਏ ਜਦਕਿ ਇਸ ਅਰਸੇ ਦੌਰਾਨ ਇੱਕ ਸਾਲ ਪਹਿਲਾਂ ਆਰ ਐਸ ਵੀ ਦੇ 18,660 ਪਾਜ਼ੀਟਿਵ ਟੈਸਟ ਕੀਤੇ ਗਏ ਸਨ।

ਡਾਕਟਰਾਂ ਨੇ ਆਖਿਆ ਕਿ ਕੋਵਿਡ-19 ਪਾਬੰਦੀਆਂ ਵਿੱਚ ਢਿੱਲ ਦੇਣ ਤੋਂ ਬਾਅਦ ਆਸਟਰੇਲੀਆ ਤੇ ਅਮਰੀਕਾ ਵਿੱਚ ਇਨ੍ਹਾਂ ਕੇਸਾਂ ਵਿੱਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ ਤੇ ਕੈਨੇਡਾ ਵਿੱਚ ਵੀ ਇਹੋ ਰੁਝਾਨ ਸਾਹਮਣੇ ਆ ਸਕਦਾ ਹੈ।

# ਕੋਵਿਡ-19 ਨਿਯਮਾਂ ਨੂੰ ਅਪਡੇਟ ਕਰਨ ਦੀ ਮੰਗ ਕਰ ਰਹੇ ਹਨ ਕੁੱਝ ਮਾਪੇ ਤੇ ਚਾਈਲਡ ਕੇਅਰ ਪ੍ਰੋਵਾਈਡਰਜ਼

...ਪੰਨਾ 1 ਦਾ ਬਾਕੀ

ਮਹਾਂਮਾਰੀ ਦੇ ਕਾਲ ਦੌਰਾਨ ਚਾਈਲਡ ਕੇਅਰ ਸੈਂਟਰ ਨੂੰ ਦਿੱਤੀਆਂ ਗਈਆਂ ਹਦਾਇਤਾਂ ਤੋਂ ਬਾਅਦ ਇਥੇ ਬੱਚਿਆਂ ਨੂੰ ਗਰੁੱਪ ਐਕਟੀਵਿਟੀ, ਜਿਵੇਂ ਕਿ ਵਾਟਰ ਟੇਬਲਜ਼ ਆਦਿ, ਨਾ ਕਰਵਾਏ ਜਾਣ ਲਈ ਆਖਿਆ ਗਿਆ ਹੈ ਉੱਤੇ ਬੱਚਿਆਂ ਨੂੰ ਖਿਡਾਉਣ ਦੀ ਪਾਬੰਦੀ ਹੈ। ਪਰ ਯੀਮਨ ਦਾ ਮੰਨਣਾ ਹੈ ਕਿ ਜਿੰਨਾ ਮਰਜ਼ੀ ਬੱਚਿਆਂ ਨੂੰ ਰੋਕ ਲਿਆ ਜਾਵੇ ਉਹ ਇੱਕ ਦੂਜੇ ਦੇ ਨੇੜੇ ਆ ਹੀ ਜਾਂਦੇ ਹਨ। ਉਨ੍ਹਾਂ ਆਖਿਆ ਕਿ ਅਜਿਹਾ ਅਸੀਂ ਇਸ ਲਈ ਕਰ ਰਹੇ ਹਾਂ ਤਾਂ ਕਿ ਇੱਕ ਬੱਚੇ ਦੇ ਹੱਥ ਦੇ ਜਰਮ ਦੂਜੇ ਬੱਚੇ ਦੇ ਹੱਥਾਂ ਉੱਤੇ ਨਾ ਚਿਪਕਣ।ਪਰ ਇਹ ਕੁਦਰਤੀ ਹੋ ਰਿਹਾ ਹੈ। ਉਹ ਇੱਕ ਦੂਜੇ ਨੂੰ ਚੱਟ ਲੈਂਦੇ ਹਨ ਤੇ ਤੁਸੀਂ ਉਨ੍ਹਾਂ ਨੂੰ ਚੱਟਣ ਤੋਂ ਨਹੀਂ ਰੋਕ ਸਕਦੇ।

ਪਿਛਲੇ ਸਾਲ ਖੁੱਲ੍ਹਣ ਤੋਂ ਬਾਅਦ ਵੀ ਓਨਟਾਰੀਓ ਦੇ ਚਾਈਲਡ ਕੇਅਰ ਸੈਂਟਰਜ਼ ਲਈ ਕੋਵਿਡ-19 ਨਿਯਮਾਂ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ। ਕੁੱਝ ਮਾਪਿਆਂ ਤੇ ਕੇਅਰ ਪ੍ਰੋਵਾਈਡਰਜ਼ ਦਾ ਕਹਿਣਾ ਹੈ ਕਿ ਭਾਂਵੇਂ ਸਟਾਫ ਨੂੰ ਮਾਸਕ ਪਾਉਣੇ ਚਾਹੀਦੇ ਹਨ ਪਰ ਹੋਰਨਾਂ ਨੀਤੀਆਂ ਦਾ ਮੁਲਾਂਕਣ ਕੀਤੇ ਜਾਣ ਦੀ ਲੋੜ ਹੈ। ਮਾਪਿਆਂ ਨੂੰ ਇਮਾਰਤਾਂ ਦੇ ਅੰਦਰ ਆਉਣ ਦੇਣਾ ਚਾਹੀਦਾ ਹੈ। ਯੀਮਨ ਨੇ ਆਖਿਆ ਕਿ ਜਿਵੇਂ ਪ੍ਰੋਵਿੰਸ ਵਿੱਚ ਪੜਾਅਵਾਰ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਉਸੇ ਤਰ੍ਹਾਂ ਹੀ ਚਾਈਲਡ ਕੇਅਰ ਨੂੰ ਵੀ ਪੜਾਅਵਾਰ ਢੰਗ ਨਾਲ ਖੋਲ੍ਹਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਇੱਕ ਪਾਸੇ ਤਾਂ ਟੋਰਾਂਟੋ ਦੇ ਕਿਸੇ ਮੈਚ ਲਈ ਹਜ਼ਾਰਾਂ ਦੀ ਭੀੜ ਇੱਕਠੀ ਹੁੰਦੀ ਹੈ ਤੇ ਦੂਜੇ ਪਾਸੇ ਮਾਪੇ ਆਪਣੇ ਬਚਿਆਂ ਨੂੰ ਡੇਅਕੇਅਰ ਦੇ ਅੰਦਰ ਆ ਕੇ ਛੱਡ ਵੀ ਨਹੀਂ ਸਕਦੇ।ਚਾਈਲਡ ਕੇਅਰ ਪ੍ਰੋਵਾਈਡਰਜ਼ ਦਾ ਕਹਿਣਾ ਹੈ ਕਿ ਇਹ ਸੱਭ ਨਾ ਸਿਰਫ ਮਾਪਿਆਂ ਦੀ ਜੇਬ੍ਹ ਉੱਤੇ ਭਾਰੀ ਪੈ ਰਿਹਾ ਹੈ ਸਗੋਂ ਇਸ ਲਈ ਕਾਫੀ ਟੈਕਸ ਵੀ ਉਨ੍ਹਾਂ ਨੂੰ ਦੇਣੇ ਪੈਂਦੇ ਹਨ। ਬੱਚਿਆਂ ਨੂੰ ਪਰਿਵਾਰਾਂ ਤੱਕ ਛੱਡਣ ਲਿਆਉਣ ਲਈ ਉਨ੍ਹਾਂ ਨੂੰ ਹੋਰ ਸਟਾਫ ਰੱਖਣਾ ਪਿਆ ਹੈ। ਜਿਸ ਕਾਰਨ ਖਰਚਾ ਕਾਫੀ ਵੱਧ ਗਿਆ ਹੈ। ਕੈਨੇਡਾ ਦੀ ਐਮਰਜੰਸੀ ਵੇਜ ਸਬਸਿਡੀ ਵੀ ਜਲਦ ਮੁੱਕ ਜਾਵੇਗੀ ਪਰ ਵਾਧੂ ਦੇ ਸਟਾਫ ਦਾ ਬੋਝ ਪਹਿਲਾਂ ਵਾਂਗ ਹੀ ਰਹੇਗਾ। ਬੱਚਿਆਂ ਦੀ ਗਿਣਤੀ ਘੱਟ ਗਈ ਹੈ ਤੇ ਸਟਾਫ ਦੀ ਗਿਣਤੀ ਵੱਧ ਗਈ ਹੈ। ਕੋਵਿਡ-19 ਨਿਯਮਾਂ ਕਾਰਨ ਗੁਜ਼ਾਰਾ ਕਰਨਾ ਹੀ ਬਹੁਤ ਮੁਸ਼ਕਲ ਹੋਇਆ ਪਿਆ ਹੈ।

ਹੈਲਥ ਕੇਅਰ ਪ੍ਰੋਵਾਈਡਰਜ਼ ਦਾ ਕਹਿਣਾ ਹੈ ਕਿ ਸਟਾਫ ਨੂੰ ਹਾਈਜੀਨ ਦਾ ਬਹੁਤ ਖਿਆਲ ਰੱਖਣਾ ਪੈਂਦਾ ਹੈ। ਪਹਿਲਾਂ ਬੱਚਿਆਂ ਦੀ ਤੇ ਆਪਣੀ ਸਾਫ ਸਫਾਈ ਦਾ ਧਿਆਨ ਰੱਖਣਾ ਪੈਂਦਾ ਹੈ ਫਿਰ ਬੱਚਿਆਂ ਦੇ ਖਿਡੌਣੇ ਵਾਰੀ ਵਾਰੀ ਡਿਸਇਨਫੈਕਟ ਕਰਕੇ ਰੱਖਣੇ ਪੈਂਦੇ ਹਨ।ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਨਿਯਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਦੇ ਸੰਕੇਤ ਨਹੀਂ ਦਿੱਤੇ ਗਏ ਹਨ।

# ਸੜਕ ਪਾਰ ਕਰਦੇ ਸਮੇਂ ਮਾਰੇ ਜਾਣ ਵਾਲੇ ਵਿਅਕਤੀ ਦੇ ਸਬੰਧ ਵਿੱਚ ਚਸ਼ਮਦੀਦਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 26 ਜੁਲਾਈ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਸਰਵਿਸ (ਟੀ ਪੀ ਐਸ)ਸ਼ੁੱਕਰਵਾਰ ਰਾਤ ਨੂੰ ਸਿਟੀ ਦੇ ਪੂਰਬੀ ਸਿਰੇ ਉੱਤੇ ਸੜਕ ਪਾਰ ਕਰਦੇ ਸਮੇਂ ਕਿਸੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਾਰੇ ਗਏ ਵਿਅਕਤੀ ਦੇ ਸਬੰਧ ਵਿੱਚ ਜਾਂਚ ਕਰ ਰਹੀ ਹੈ।23 ਜੁਲਾਈ ਨੂੰ ਰਾਤੀਂ 9:00 ਵਜੇ ਤੋਂ ਠੀਕ ਬਾਅਦ ਪੁਲਿਸ ਨੂੰ ਕਿੰਗਸਟਨ ਰੋਡ ਤੇ ਮਿਡਲੈਂਡ ਐਵਨਿਊ ਏਰੀਆ ਵਿੱਚ ਇੱਕ ਰਾਹਗੀਰ ਨੂੰ ਕਿਸੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਦੀ ਰਿਪੋਰਟ ਮਿਲੀ। ਪ੍ਰਾਪਤ ਜਾਣਕਾਰੀ ਅਨੁਸਾਰ 24 ਸਾਲਾ ਵਿਅਕਤੀ ਕਾਲੇ ਰੰਗ ਦੀ 2013 ਮਾਡਲ ਦੀ ਵਕਸਵੈਗਨ ਜੈਟਾ ਚਲਾ ਰਿਹਾ ਸੀ ਜਦੋਂ ਉਸ ਵੱਲੋਂ ਕਿੰਗਸਟਨ ਰੋਡ ਉੱਤੇ 71 ਸਾਲਾ ਵਿਅਕਤੀ ਨੂੰ ਸੜਕ ਪਾਰ ਕਰਦੇ ਸਮੇਂ ਟੱਕਰ ਮਾਰੀ ਗਈ। ਉਸ ਬਜ਼ੁਰਗ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ।

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre



AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh



416.670.3173 | 905.799.7333
27 Edvac Dr, Brampton, ON L6S 5X8

ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909,
416-618-3358


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ



647-998-7500 ਬਲਵਿੰਦਰ

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best




CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

3+1 bdrms with finished Basement




Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਇੱਕ ਰੈਂਕ, ਇੱਕ ਪੈਨਸ਼ਨ ਦਾ ਮੁੱਦਾ

-ਜੀ ਪੀ ਐੱਸ ਵਿਰਕ-

ਸੰਨ 1962 ਦੀ ਭਾਰਤ-ਚੀਨ ਜੰਗ ਵੇਲੇ ਭਾਰਤੀ ਫੌਜ ਵਿੱਚ ਨਫਰੀ ਦੀ ਬਹੁਤ ਕਮੀ ਹੋ ਜਾਣ ਕਾਰਨ ਸਰਕਾਰ ਨੇ ਸੰਕਟਕਾਲੀਨ ਕਮਿਸ਼ਨਡ ਅਫਸਰਾਂ ਨੂੰ ਮਿਲਟਰੀ ਦੀ ਬੇਸਿਕ ਟਰੇਨਿੰਗ ਦੇਣੀ ਤੇ ਯੁੱਧ ਦੇ ਮੈਦਾਨ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਉਹ ਵਲੰਟੀਅਰ ਬਣ ਕੇ ਲੜੇ, ਕੁਝ ਕੁ ਨੂੰ ਸੇਵਾ ਵਿੱਚ ਰੱਖ ਲਿਆ ਤੇ ਕੁਝ ਨੂੰ ਵਾਪਸ ਘਰ ਭੇਜ ਦਿੱਤਾ ਗਿਆ। ਫਿਰ 1963 ਵਿੱਚ ਇਸ ਸੰਕਟਕਾਲੀਨ ਕਮਿਸ਼ਨ ਨੂੰ ਸ਼ਾਰਟ ਸਰਵਿਸ ਕਮਿਸ਼ਨ ਵਿੱਚ ਬਦਲ ਕੇ ਚੇਨਈ ਵਿੱਚ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਨੂੰ ਸਿਖਲਾਈ ਦੇਣੀ ਸ਼ੁਰੂ ਕੀਤੀ ਗਈ। ਸਮਝੌਤੇ ਦੀਆਂ ਸ਼ਰਤਾਂ ਇਹ ਸਨ: ਸ਼ੁਰੂ ਦੇ ਪੰਜ ਸਾਲ, ਇਸ ਤੋਂ ਬਾਅਦ ਪੱਕੇ ਤੌਰ ਉੱਤੇ ਕਮਿਸ਼ਨਡ ਲਈ ਆਪਸ਼ਨ ਦੇਣੀ ਜਾਂ ਪੰਜ ਸਾਲਾਂ ਲਈ ਹੋਰ ਵਾਧਾ ਲੈਣਾ।

ਇਸ ਪ੍ਰਬੰਧ ਨਾਲ ਕੇਵਲ 33 ਫੀਸਦੀ ਪੱਕੇ ਤੌਰ ਉੱਤੇ ਕਮਿਸ਼ਨਡ ਹੋਏ ਤੇ ਬਾਕੀਆਂ ਨੂੰ ਛੱਡਣਾ ਪਿਆ। ਫਿਰ ਸ਼ੁਰੂ ਦੇ ਸਮਝੌਤੇ ਦਾ ਪ੍ਰਬੰਧ 10 ਸਾਲ ਲਈ ਕੀਤਾ ਗਿਆ ਅਤੇ ਵਾਧਾ ਕੇਵਲ ਚਾਰ ਸਾਲ ਤੱਕ ਕੀਤਾ ਗਿਆ। ਇਹ ਵੀ ਬਦਲ ਦਿੱਤਾ ਗਿਆ ਕਿ 14 ਸਾਲ ਤੋਂ ਬਾਅਦ ਫੌਜ ਛੱਡ ਦਿਉ ਤੇ ਪੰਜ ਸਾਲਾਂ ਲਈ ਇਨ੍ਹਾਂ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਨੂੰ ਦੇਣਦਾਰੀ ਬਣਦੀ ਹੈ। ਇਸ ਤਰ੍ਹਾਂ ਕੁੱਲ 19 ਸਾਲਾਂ ਲਈ ਇਨ੍ਹਾਂ ਅਫਸਰਾਂ ਨਾਲ ਵਾਅਦਾ ਕੀਤਾ ਗਿਆ ਸੀ, ਜਦ ਕਿ ਪੈਨਸ਼ਨ 20 ਸਾਲ ਦੀ ਸੇਵਾ ਤੋਂ ਬਾਅਦ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਨੇ ਸਰਹੱਦ ਦੇ ਰਾਖਿਆਂ ਨਾਲ ਕਿੰਨਾ ਵੱਡਾ ਮਜ਼ਾਕ ਕੀਤਾ ਹੈ। ਨੀਤੀਘਾੜੇ ਚਲਾਕ ਹਨ ਅਤੇ ਜਾਣਦੇ ਹਨ ਕਿ ਪੱਕੇ ਤੌਰ ਉੱਤੇ ਕਮਿਸ਼ਨਡ ਅਫਸਰਾਂ ਦੀ ਪ੍ਰੀਮੈਚਿਓਰ ਰਿਟਾਇਰਮੈਂਟ ਤੋਂ ਵੀ ਘੱਟ ਸਮਾਂ ਉਨ੍ਹਾਂ ਦੀ ਲਗਾਤਾਰ ਸੇਵਾ ਕਰਨ ਦਾ ਹੈ ਅਤੇ ਇਸ ਤਰ੍ਹਾਂ ਸ਼ਾਰਟ ਸਰਵਿਸ ਕਮਿਸ਼ਨਡ ਅਫਸਰ 19 ਸਾਲ ਦੀ ਨੌਕਰੀ ਤੋਂ ਬਾਅਦ ਵੀ ਪੈਨਸ਼ਨ ਦੇ ਹੱਕਦਾਰ ਨਹੀਂ ਹੁੰਦੇ। ਇਸ ਤਰ੍ਹਾਂ ਸਰਕਾਰ ਪਹਿਲਾਂ ਤਾਂ ਇਨ੍ਹਾਂ ਅਫਸਰਾਂ ਤੋਂ ਨੌਕਰੀ ਪੂਰੀ ਤਨਦੇਹੀ ਨਾਲ ਕਰਾਉਂਦੀ ਹੈ ਅਤੇ ਫਿਰ ਧੂੜ-ਮਿੱਟੀ ਦੀ ਤਰ੍ਹਾਂ ਝਾੜ ਦਿੰਦੀ ਹੈ ਭਾਵ ਨੌਕਰੀ ਤੋਂ ਵੱਖ ਕਰ ਦਿੰਦੀ ਹੈ। ਇਹ ਉਹੀ ਗੱਲ ਹੋਈ ਕਿ 'ਵਰਤੋ ਏ ਸੁੱਟ ਦਿਓ'। ਭਾਵੇਂ ਇਹ ਵਲੰਟੀਅਰ ਸੇਵਾ ਹੈ, ਪਰ ਨੌਜਵਾਨ ਭਾਰਤੀ ਫੌਜ ਵਿੱਚ ਸੇਵਾ ਕਰਨ ਲਈ ਤੱਤਪਰ ਰਹਿੰਦੇ ਹਨ।

ਸੰਨ 1970 ਅਤੇ 1990 ਦੇ ਦਹਾਕਿਆਂ ਦੌਰਾਨ ਸਿਵਲ ਵਿੱਚ ਨੌਕਰੀਆਂ ਦੀ ਬਹੁਤ ਜ਼ਿਆਦਾ ਘਾਟ ਹੋਣ ਕਾਰਨ ਫੌਜ ਵਿੱਚੋਂ ਰਿਟਾਇਰਡ ਹੋਏ ਅਫਸਰਾਂ, ਕਰਮਚਾਰੀਆਂ ਨੂੰ ਆਮ ਨੌਕਰੀਆਂ ਲੈਣ ਵਿੱਚ ਕਾਫੀ ਮੁਸ਼ਕਲਾਂ ਪੇਸ਼ ਆ ਰਹੀਆਂ ਸਨ। ਅੱਜਕੱਲ੍ਹ ਸੇਵਾਵਾਂ ਦੇਣ ਵਾਲੇ ਅਦਾਰਿਆਂ ਵਿੱਚ ਕਾਫੀ ਸੁਧਾਰ ਆਇਆ ਹੈ, ਇੱਥੋਂ ਤੱਕ ਕਿ ਆਈ ਆਈ ਐਮ ਵੀ ਸ਼ਾਰਟ ਮੈਨੇਜਮੈਂਟ ਕੋਰਸ ਕਰਵਾ ਰਹੀ ਹੈ। ਫੌਜ ਵਿੱਚ ਸੁਧਾਰ ਲਿਆਉਣ ਲਈ 'ਇੱਕ ਰੈਂਕ ਇੱਕ ਪੈਨਸ਼ਨ' 1973 ਤੋਂ ਉਡੀਕੀ ਜਾ ਰਹੀ ਸੀ, ਇਹ ਚੰਗਾ ਹੋਇਆ ਕਿ ਇਸ ਨੂੰ ਹਕੀਕਤ ਵਿੱਚ ਬਦਲ ਦਿੱਤਾ ਗਿਆ ਹੈ ਜਿਸ ਦੇ ਨਤੀਜੇ ਵਜੋਂ ਮਿਲਟਰੀ ਪੈਨਸ਼ਨ ਵਿੱਚ ਚੰਗਾ ਸੁਧਾਰ ਹੋਇਆ ਹੈ। ਇੱਥੋਂ ਤੱਕ ਕਿ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਲਈ ਈ ਸੀ ਐੱਚ ਐੱਸ (ਸਾਬਕਾ ਫੌਜੀਆਂ ਲਈ ਹੈੱਲਥ ਸਕੀਮ) 12 ਟੇਬਲ ਮਨੀ ਦੀ ਸ਼ਰਤ ਨਾਲ ਲਾਗੂ ਕਰ ਦਿੱਤਾ ਗਿਆ ਹੈ।

ਭਾਰਤੀ ਫੌਜ ਦੇ ਸੇਵਾ ਮੁਕਤ ਸ਼ਾਰਟ ਸਰਵਿਸ ਕਮਿਸ਼ਨਡ ਅਫਸਰ ਕੁਝ ਸਮੇਂ ਤੋਂ ਸਰਕਾਰ ਤੋਂ ਪੈਨਸ਼ਨ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦੇ ਦੁੱਖ ਦੱਸਣ ਤੇ ਅਥਾਰਟੀਜ਼ ਦਾ ਧਿਆਨ ਖਿੱਚਣ ਲਈ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਦੇ ਗਰੁੱਪ ਨੇ 2019 ਵਿੱਚ ਜੰਤਰ ਮੰਤਰ ਵਿਖੇ ਸੇਵਾ ਮੁਕਤ ਉਪਦਾਨ ਸਿਹਤ ਸੇਵਾ ਦੀ ਸਹੂਲਤ ਸਾਰੇ ਅਫਸ਼ਰਾਂ, ਸੰਕਟ-ਕਾਲੀ ਅਫਸਰਾਂ, ਔਰਤਾਂ ਵਾਸਤੇ ਵਿਸ਼ੇਸ਼ ਐਂਟਰੀ ਸਕੀਮ ਬਾਬਤ ਧਰਨਾ ਦਿੱਤਾ ਅਤੇ ਮੰਗ ਪੱਤਰ ਪੇਸ਼ ਕੀਤਾ। ਤਕਰੀਬਨ ਇੱਕ ਸਾਲ ਬਾਅਦ ਰੱਖਿਆ ਮੰਤਰਾਲੇ ਨੇ ਸੰਕਟ-ਕਾਲੀ ਅਫਸਰ, ਸ਼ਾਰਟ ਸਰਵਿਸ ਕਮਿਸ਼ਨਡ ਅਫਸਰ ਅਤੇ ਜਿਨ੍ਹਾਂ ਨੇ 1965 ਤੇ 1971 ਦੀ ਲੜਾਈ ਵਿੱਚ ਹਿੱਸਾ ਲਿਆ ਹੈ, ਨੂੰ ਐਕਸ ਗ੍ਰੇਸ਼ੀਆ ਗ੍ਰਾਂਟ ਜਾਰੀ ਕਰ ਦਿੱਤੀ, ਪਰ ਰਿਟਾਇਰ ਹੋਏ ਫੌਜੀਆਂ ਨੂੰ ਅਜੇ ਤੱਕ ਕੋਈ ਸਹਾਇਤਾ ਨਹੀਂ ਮਿਲੀ। ਫੌਜ ਦੀ ਐਡਜੂਟੈਂਟ ਜਨਰਲ ਦੀ ਬ੍ਰਾਂਚ ਵੱਲੋਂ ਮਈ 2020 ਰਾਹੀਂ ਸਾਰੇ ਸੰਕਟ-ਕਾਲੀ ਅਫਸਰਾਂ, ਸ਼ਾਰਟ ਸਰਵਿਸ ਕਮਿਸ਼ਨ ਅਫਸਰਾਂ, ਜਿਨ੍ਹਾਂ ਨੇ 1965 ਅਤੇ 1971 ਦੀ ਜੰਗ ਵਿੱਚ ਹਿੱਸਾ ਲਿਆ ਸੀ ਅਤੇ ਜਿਨ੍ਹਾਂ ਨੂੰ ਸਮਰ ਸੇਵਾ ਸਟਾਰ 1965 ਜਾਂ ਪੂਰਬੀ, ਪੱਛਮੀ ਸਟਾਰ 1971 ਦਾ ਸਨਮਾਨ ਦਿੱਤਾ ਗਿਆ ਸੀ, ਨੂੰ ਹੀ ਐਕਸਗ੍ਰੇਸ਼ੀਆ ਗ੍ਰਾਂਟ ਦਿੱਤੀ ਹੈ। ਕੇਂਦਰ ਸਰਕਾਰ ਨੇ 30,000 ਰੁਪਏ ਪ੍ਰਤੀ ਮਹੀਨਾ ਇਨ੍ਹਾਂ ਸੈਨਾਨੀਆਂ ਨੂੰ 'ਯੁੱਧ ਸਨਮਾਨ ਯੋਜਨਾ' ਆਜ਼ਾਦੀ ਘੁਲਾਟੀਆਂ 'ਸਵਤੰਤਰਤਾ ਸੈਨਾਨੀ ਪੈਨਸ਼ਨ' ਦੀ ਤਰਜ਼ ਉੱਤੇ ਦੇਣ ਲਈ ਸਹਿਮਤੀ ਪ੍ਰਗਟ ਕੀਤੀ, ਪਰ ਲੰਬਾ ਸਮਾਂ ਬੀਤਣ ਦੇ ਬਾਅਦ ਵੀ ਰੱਖਿਆ ਮੰਤਰਾਲੇ ਵੱਲੋਂ ਇਨ੍ਹਾਂ ਸੈਨਾਨੀਆਂ ਨੂੰ ਇਹ ਰਕਮ ਅਜੇ ਤੱਕ ਜਾਰੀ ਨਹੀਂ ਕੀਤੀ ਗਈ। ਸੰਕਟ-ਕਾਲੀ ਅਫਸਰ ਅਤੇ ਸ਼ਾਰਟ ਸਰਵਿਸ ਕਮਿਸ਼ਨ ਅਫਸਰ ਉਸ ਸਮੇਂ ਫੌਜ ਵਿੱਚ ਅਫਸਰਾਂ ਦੀ ਘਾਟ ਹੋਣ ਕਾਰਨ ਵਾਪਸ ਬੁਲਾ ਲਏ ਗਏ ਸਨ। ਕੈਪਟਨ ਜਸਪਾਲ ਸਿੰਘ, ਜੋ ਮਾਰਚ 2018 ਤੋਂ ਇਸ ਮੁੱਦੇ ਨੂੰ ਵੇਖ ਰਹੇ ਹਨ, ਨੇ ਕਿਹਾ ਕਿ ਉਹ ਇਸ ਸਕੀਮ ਦੀ ਅਨਾਊਂਸਮੈਂਟ ਤੋਂ ਬਾਅਦ ਰੱਖਿਆ ਮੰਤਰਾਲੇ ਦੇ ਸਕੱਤਰ ਨੂੰ ਮਿਲੇ ਸਨ ਜਿਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੇ ਇਹ ਕੇਸ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਮਨਜ਼ੂਰੀ ਲਈ ਭੇਜਿਆ ਹੈ। ਕੈਪਟਨ ਜਸਪਾਲ ਨੇ ਕਿਹਾ ਕਿ ਅਸੀਂ ਰੱਖਿਆ ਮੰਤਰੀ ਕੋਲ ਪਹੁੰਚ ਕੀਤੀ, ਜਿਨ੍ਹਾਂ ਨੇ ਇਹ ਕੇਸ ਰੱਖਿਆ ਵਿਭਾਗ ਅਤੇ ਮਿਲਟਰੀ ਅਫੇਅਰਜ਼ ਵਿਭਾਗ ਨੂੰ ਆਪਣੇ ਵਿਚਾਰ ਦੇਣ ਲਈ ਭੇਜ ਦਿੱਤਾ ਹੈ।

ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਨੇ ਐਕਸ ਗ੍ਰੇਸ਼ੀਆ ਗ੍ਰਾਂਟ ਦੀ ਰਕਮ ਜਾਰੀ ਕਰਨ ਲਈ ਆਪਣੇ ਵਿਚਾਰ ਪਹਿਲਾਂ ਦੇ ਦਿੱਤੇ ਹਨ, ਜਦ ਕਿ ਸੈਕਟਰੀ ਰੱਖਿਆ ਦੇ ਦਫਤਰ ਤੋਂ ਅਜੇ ਇਸ ਨੂੰ ਕਲੀਅਰ ਕੀਤਾ ਜਾਣਾ ਬਾਕੀ ਹੈ। ਅਸੀਂ ਵਾਰ-ਵਾਰ ਸੈਕਟਰੀ ਰੱਖਿਆ ਕੋਲ ਕੇਸ ਹੱਲ ਕਰਨ ਦੀ ਪਹੁੰਚ ਕਰ ਰਹੇ ਹਾਂ, ਪਰ ਉਹ ਹੋਰ ਰੁਝੇਵਿਆਂ ਕਾਰਨ ਮੀਟਿੰਗ ਵਿੱਚ ਨਹੀਂ ਆ ਰਹੇ। ਕਰੀਬ ਛੇ ਵਾਰ ਰੱਖਿਆ ਸੈਕਟਰੀ ਦੀ ਰੱਖੀ ਮੀਟਿੰਗ ਅੱਗੇ ਪਾਈ ਜਾ ਚੁੱਕੀ ਹੈ। ਆਸ ਹੈ ਕਿ ਜਲਦੀ ਹੀ ਕੋਈ ਨਤੀਜਾ ਸਾਹਮਣੇ ਆਵੇਗਾ। ਸ਼ਾਰਟ ਸਰਵਿਸ ਅਫਸਰ 33 ਦੇ ਕੈਪਟਨ ਹਰੀਸ਼ ਪੁਰੀ ਇਹ ਕੇਸ ਅਦਾਲਤ ਵਿੱਚ ਅਤੇ ਸੋਸ਼ਲ ਮੀਡੀਆ ਉੱਤੇ ਖੂਬ ਚੁੱਕ ਰਹੇ ਹਨ, ਪਰ ਅਦਾਲਤ ਵਿੱਚ ਇਹ ਕੇਸ ਹਰ ਵਾਰ ਬਿਨਾਂ ਸੁਣਵਾਈ ਤੋਂ ਅੱਗੇ ਪਾ ਦਿੱਤਾ ਜਾਂਦਾ ਹੈ। ਇਹ ਮਸਲਾ ਉਨ੍ਹਾਂ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਤੱਕ ਰਹਿ ਜਾਂਦਾ ਹੈ, ਜੋ ਆਪਣੇ ਬੱਚਿਆਂ ਨੂੰ ਫੌਜ ਵਿੱਚ ਭੇਜਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਦੀਆਂ ਵਾਜਿਬ ਮੰਗਾਂ ਨੂੰ ਤੁਰੰਤ ਮੰਨਣ ਦਾ ਐਲਾਨ ਕਰੇ ਤਾਂ ਜੋ ਨਵੀਂ ਪੀੜ੍ਹੀ ਨੂੰ ਫੌਜ ਵਿੱਚ ਭਰਤੀ ਕਰਨ ਲਈ ਉਤਸ਼ਾਹਤ ਕੀਤਾ ਜਾ ਸਕੇ। ਜਿਨ੍ਹਾਂ ਅਫਸਰਾਂ ਨੇ 19 ਸਾਲ ਸਰਹੱਦ ਦੀ ਰਾਖੀ ਕੀਤੀ ਹੈ , ਉਨ੍ਹਾਂ ਨਾਲ ਅਜਿਹਾ ਸਲੂਕ ਕਰਨਾ ਦਰੁਸਤ ਨਹੀਂ ਹੈ। ਮੈਂ ਖੁਦ ਇਹ ਮੁੱਦਾ ਕਈ ਵਾਰ ਰੱਖਿਆ ਸੇਵਾਵਾਂ ਦੇ ਮੁਖੀ ਅਤੇ ਕੇਂਦਰ ਸਰਕਾਰ ਦੇ ਉੱਚ ਅਧਿਕਾਰੀਆਂ ਨਾਲ ਉਠਾ ਚੁੱਕਾ ਹਾਂ। ਸਾਡਾ ਤਰਕ ਹੈ ਕਿ 'ਇੱਕ ਰੈਂਕ ਇੱਕ ਪੈਨਸ਼ਨ' ਤੋਂ ਇਲਾਵਾ ਉਹ ਸਾਰੀਆਂ ਸਹੂਲਤਾਂ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਅਤੇ ਪ੍ਰੀਮੈਚਿਓਰ ਅਫਸਰਾਂ ਨੂੰ ਵੀ ਦਿੱਤੀਆਂ ਜਾਣ, ਜੋ ਦੂਜੇ ਫੌਜੀ ਅਫਸਰਾਂ ਨੂੰ ਦਿੱਤੀਆਂ ਜਾਂਦੀਆਂ ਹਨ। ਇਹ ਕੇਸ ਚੀਫ ਚੀਫ ਆਫ ਡਿਫੈਂਸ ਸਟਾਫ ਜਨਰਲ ਬਿਪਿਨ ਰਾਵਤ ਕੋਲ ਵੀ ਉਠਾਇਆ ਜਾ ਚੁੱਕਾ ਹੈ। ਇਸ ਵੇਲੇ ਲਗਭਗ 5000 ਰਿਟਾਇਰਡ ਅਤੇ ਸ਼ਾਰਟ ਸਰਵਿਸ ਕਮਿਸ਼ਨਡ ਅਫਸਰ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਜੇ 60 ਸਾਲ ਤੋਂ ਪਹਿਲਾਂ ਕਿਸੇ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਵਾਰਿਸ ਨੂੰ ਨੌਕਰੀ ਦਿੱਤੀ ਜਾਵੇ।

ਸਰਕਾਰ ਨੂੰ ਇਹ ਮੁੱਦਾ ਬੇਹੱਦ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ ਕਿਉਂਕਿ ਪੰਜ ਸਾਲ ਲਗਾਤਾਰ ਸੇਵਾ ਕਰਨਾ ਆਪਣੇ ਆਪ ਵਿੱਚ ਚੁਣੌਤੀ ਭਰਪੂਰ ਹੁੰਦਾ ਹੈ। ਉਨ੍ਹਾਂ ਲਈ ਆਰਮਡ ਫੋਰਸਿਜ਼ ਨੂੰ ਛੱਡਣਾ ਮਜਬੂਰੀ ਹੁੰਦੀ ਹੈ। ਇਸ ਲਈ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਦੀ ਸਰਕਾਰ ਵੱਲੋਂ ਕੀਤੀ ਜਾਂਦੀ ਅਣਦੇਖੀ ਦਰੁਸਤ ਨਹੀਂ ਕਹੀ ਜਾ ਸਕਦੀ ਹੈ। ਬਾਕੀਆਂ ਵਾਂਗ ਸ਼ਾਰਟ ਸਰਵਿਸ ਕਮਿਸ਼ਨਡ ਅਫਸਰ ਵੀ ਆਪੋ ਆਪਣੀ ਧਾਰਮਿਕ ਪੁਸਤਕ ਉੱਤੇ ਹੱਥ ਰੱਖ ਕੇ ਦੇਸ਼ ਦੀ ਰਾਖੀ ਦੀ ਸਹੁੰ ਖਾਂਦੇ ਹਨ। ਇਸ ਉੱਤੇ ਪਹਿਰਾ ਦੇਣ ਲਈ ਕਈਆਂ ਨੇ ਲਾਸਾਨੀ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਨਾਲ ਕਿਸੇ ਕਿਸਮ ਦਾ ਵਿਤਕਰਾ ਕਰਨਾ ਅਨਿਆਂ ਹੋਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸ਼ਾਰਟ ਸਰਵਿਸ ਕਮਿਸ਼ਨਡ ਅਫਸਰਾਂ ਨੂੰ 'ਇੱਕ ਰੈਂਕ, ਇੱਕ ਪੈਨਸ਼ਨ' ਦੇ ਕੇ ਸਨਮਾਨਿਤ ਕਰੇ। ਇੰਝ ਕਰਨਾ ਨਿਸ਼ਚੇ ਹੀ ਕੌਮੀ ਸਨਮਾਨ ਹੋਵੇਗਾ।

# ਕਾਹਨੂੰਵਾਨ ਦਾ ਛੋਟਾ ਘੱਲੂਘਾਰਾ

-ਲਵਪ੍ਰੀਤ ਸਿੰਘ ਵਡਾਲੀ-

ਛੋਟਾ ਘੱਲੂਘਾਰਾ ਸਾਮਰਾਜ ਦੇ ਅਲੋਪ ਹੋ ਰਹੇ ਸਾਲਾਂ ਵਿੱਚ ਮੁਗਲਾਂ ਵੱਲੋਂ ਸਿੱਖ ਆਬਾਦੀ ਦੇ ਬਹੁਤ ਵੱਡਾ ਹਿੱਸੇ ਦਾ ਕਤਲੇਆਮ ਸੀ। ਇਹ 1746 ਈਸਵੀ (ਸੰਮਤ 1803 ਬਿਕਰਮੀ) ਵਿੱਚ ਵਾਪਰਿਆ। ਇਸ ਸਮੇਂ ਮੁਗਲ ਹਾਕਮ ਸਿੱਖਾਂ ਨੂੰ ਖਤਮ ਕਰਨ ਲਈ ਹਰ ਹੀਲਾ ਵਰਤ ਰਹੇ ਸਨ। ਅਜਿਹੇ ਸਮੇਂ ਦੀਵਾਨ ਲਖਪਤ ਰਾਏ ਵੀ ਉਨ੍ਹਾਂ ਦਾ ਸਾਥ ਦੇਣ ਲਈ ਪੂਰੀ ਤਰ੍ਹਾਂ ਸਰਗਰਮ ਹੋ ਗਿਆ। ਇਸ ਬਾਰੇ ਭਾਈ ਰਤਨ ਸਿੰਘ ਭੰਗੂ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ :

ਸੰਮਤ ਅਠਾਰਾਂ ਸੈ ਹੁਤੋ ਉਪਰ ਤੀਨ ਸੁ ਸਾਲ।
ਘੱਲੂਘਾਰੇ ਵੱਡ ਕਰਯੋ ਤੁਰਕਨ ਸਿੰਘਨ ਨਾਲ।

ਜਸਪਤ ਰਾਏ ਐਮਨਾਬਾਦ ਦਾ ਫੌਜਦਾਰ ਸੀ। ਯਾਹੀਆ ਖਾਨ ਨੇ ਤਾਕਤ ਹੱਥ ਵਿੱਚ ਲੈਂਦੇ ਸਾਰ ਲੱਖਪਤ ਰਾਏ ਨੂੰ ਦੀਵਾਨ ਥਾਪਿਆ। ਜਸਪਤ ਰਾਏ, ਲੱਖਪਤ ਰਾਏ ਦਾ ਵੱਡਾ ਭਰਾ ਸੀ। ਜਸਪਤ ਰਾਏ ਨੇ ਸਿੱਖਾਂ ਦਾ ਰੂੜੀ ਸਾਹਿਬ ਜੁੜਨਾ ਸੁਣਿਆ ਤਾਂ ਉਸ ਨੇ ਇਕੱਠੇ ਹੋਏ ਸਿੱਖਾਂ ਉੱਤੇ ਹੱਲਾ ਬੋਲ ਦਿੱਤਾ। ਉਸ ਨੇ ਸਿੰਘਾਂ ਨੂੰ ਕਮਜ਼ੋਰ ਜਾਣ ਕੇ ਬੜੇ ਹੰਕਾਰ ਭਰੇ ਸ਼ਬਦ ਬੋਲੇ। ਉਸ ਵੇਲੇ ਸਿੱਖਾਂ ਨੂੰ ਗੁਰਦੁਆਰਾ ਖਾਲੀ ਕਰਨ ਦਾ ਹੁਕਮ ਦਿੱਤਾ ਗਿਆ, ਪਰ ਉਨ੍ਹਾਂ ਉਥੋਂ ਜਾਣਾ ਮੁਨਾਸਬ ਨਾ ਸਮਝਿਆ। ਜਸਪਤ ਰਾਏ ਨੇ ਰੋਹ ਵਿੱਚ ਹੱਲਾ ਬੋਲ ਦਿੱਤਾ। ਸਿੱਖ ਵੀ ਟਾਕਰੇ ਲਈ ਡਟ ਗਏ ਤੇ ਕਿਹਾ, "ਜਸਪਤ ਰਾਏ ਨੇ ਸੁੱਤੇ ਸ਼ੇਰ ਦੀ ਮੁੱਛ ਨੂੰ ਹੱਥ ਪਾਇਆ ਹੈ।" ਜਸਪਤ ਰਾਏ ਹਾਥੀ ਉੱਤੇ ਬੈਠਾ ਫੌਜ ਨੂੰ ਹੁਕਮ ਦੇ ਰਿਹਾ ਸੀ ਕਿ ਭਾਈ ਨਿਬਾਹੂ ਸਿੰਘ ਨੇ ਜਸਪਤ ਰਾਏ ਦਾ ਸਿਰ ਵੱਢ ਦਿੱਤਾ:

ਨਿਬਾਹੂ ਸਿੰਘ ਗਜ ਪਹਿ ਚੜਯੋ ਮਾਰ ਤੇਗ ਦਿਓ ਸੁਟ।

ਆਪਣੇ ਭਰਾ ਜਸਪਤ ਰਾਏ ਦੀ ਮੌਤ ਦੀ ਖਬਰ ਸੁਣ ਕੇ ਲੱਖਪਤ ਰਾਏ ਲੋਹਾ-ਲਾਖਾ ਹੋ ਗਿਆ ਅਤੇ ਬੁਰੀ ਤਰ੍ਹਾਂ ਬੌਖਲਾ ਗਿਆ। ਉਸ ਨੇ ਆਪਣੀ ਪੱਗ ਯਾਹੀਆ ਖਾਨ ਦੇ ਪੈਰਾਂ ਵਿੱਚ ਰੱਖ ਕੇ ਪਾਨ ਦਾ ਬੀੜਾ ਚੁੱਕ ਕੇ ਸਹੁੰ ਖਾਧੀ ਕਿ ਉਹ ਸਿੱਖਾਂ ਦਾ ਅੰਤ ਕਰ ਕੇ ਹੀ ਪੱਗ ਸਿਰ ਉੱਤੇ ਬੰਨ੍ਹੇਗਾ। ਵੱਡੇ ਹੰਕਾਰ ਵਿੱਚ ਆ ਕੇ ਲੱਖਪਤ ਰਾਏ ਕਹਿਣ ਲੱਗਾ, 'ਸਿੱਖੀ ਇੱਕ ਖੱਤਰੀ (ਗੁਰੂ ਨਾਨਕ ਦੇਵ ਜੀ) ਨੇ ਸ਼ੁਰੂ ਕੀਤੀ ਤੇ ਇੱਕ ਖੱਤਰੀ ਹੀ ਮੁਕਾਵੇਗਾ।" ਉਸੇ ਨੇ ਹੁਕਮ ਜਾਰੀ ਕਰ ਦਿੱਤਾ ਕਿ ਜਿੱਥੇ ਕਿਤੇ ਵੀ ਸਿੱਖ ਨਜ਼ਰ ਆਏ, ਉਸ ਨੂੰ ਰਾਜ ਦਰਬਾਰ ਵਿੱਚ ਪੇਸ਼ ਕਰ ਦਿੱਤਾ ਜਾਵੇ। ਭਾਈ ਰਤਨ ਸਿੰਘ ਭੰਗੂ ਇਸ ਦਾ ਇੰਝ ਜ਼ਿਕਰ ਕਰਦੇ ਹਨ :

ਯਹੀ ਬਾਤ ਲੱਖਪਤ ਸੁਣੀ ਦਿਗ ਨਵਾਬ ਦਈ ਪੱਗ ਡਾਰ।
ਫੇਰ ਆਨ ਮੈਂ ਬੰਧੋਂਗੇ ਸਿੰਘਨ ਕੋ ਪੰਥ ਗਾਰ।

ਇਹ ਦੌਰ ਕਈ ਦਿਨ ਜਾਰੀ ਰਿਹਾ। ਹਾਲਾਤ ਦੀ ਨਜ਼ਾਕਤ ਦੇਖਦਿਆਂ ਸਿੱਖਾਂ ਨੇ ਲਾਹੌਰ ਤੋਂ ਦੂਰੀ ਬਣਾਉਂਦਿਆਂ ਗੁਰਦਾਸਪੁਰ ਜ਼ਿਲੇ ਵਿੱਚ ਬਿਆਸ ਨੇੜੇ ਜੰਗਲਾਂ ਨੂੰ ਆਪਣੀ ਠਾਹਰ ਬਣਾ ਲਿਆ। ਲਖਪਤ ਰਾਏ ਨੇ 10 ਮਾਰਚ 1746 ਨੂੰ ਲਾਹੌਰ ਦੇ ਸਾਰੇ ਸਿੱਖਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਅਤੇ ਗੁਰੂ, ਗੁੜ ਅਤੇ ਗ੍ਰੰਥ ਆਦਿ ਸ਼ਬਦਾਂ ਉੱਤੇ ਪਾਬੰਦੀ ਲਾ ਦਿੱਤੀ। ਜਿਹੜਾ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦਾ, ਉਸ ਨੂੰ ਜਾਨੋਂ ਮਾਰ ਦਿੱਤਾ ਜਾਂਦਾ ਸੀ। ਉਸ ਦੀ ਸੋਚ ਸੀ ਕਿ ਗੁੜ ਕਹਿਣ ਨਾਲ ਗੁਰੂ ਯਾਦ ਆ ਜਾਂਦਾ ਹੈ ਅਤੇ ਗੁਰੂ ਯਾਦ ਆਉਣ ਨਾਲ ਗੁਰੂ ਗੋਬਿੰਦ ਸਿੰਘ ਯਾਦ ਆ ਜਾਂਦੇ ਹਨ। ਉਨ੍ਹਾਂ ਦੀ ਯਾਦ ਆਉਣ ਨਾਲ ਸਿੱਖਾਂ ਵਿੱਚ ਜਜ਼ਬਾ ਪੈਦਾ ਹੁੰਦਾ ਹੈ। ਇਸ ਲਈ ਉਸ ਨੂੰ ਗੁੜ ਦੀ ਰੋੜੀ ਜਾਂ ਭੇਲੀ ਆਖਣ ਦੇ ਹੁਕਮ ਦਿੱਤੇ। ਇਸ ਤੋਂ ਇਲਾਵਾ ਕਿਸੇ ਵੀ ਪੁਸਤਕ ਨੂੰ ਗ੍ਰੰਥ ਦੀ ਜਗ੍ਹਾ ਪੋਥੀ ਆਖਣ ਦੀ ਹਦਾਇਤ ਕੀਤੀ ਗਈ। ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ। ਇਹ ਛੋਟੇ ਘੱਲੂਘਾਰੇ ਦਾ ਆਰੰਭ ਸੀ।

ਗੁੜ ਕੇ ਕਹਨੇ ਗੁਰ ਕਹੈਂ ਰੋੜੀ ਪਾਯੋ ਨਾਮ।
ਜੇ ਕੋ ਗੁਰ ਕਹਿ ਕਿਸ ਸਦੇ ਮਾਰੋਂ ਚੜ੍ਹ ਤਿਸ ਗਾਮ।

ਲਖਪਤ ਰਾਏ ਲਾਹੌਰ ਦੇ ਵਸਨੀਕਾਂ ਨੂੰ ਸ਼ਹੀਦ ਕਰਨ ਮਗਰੋਂ ਅੰਮ੍ਰਿਤਸਰ ਵੱਲ ਵਧਿਆ ਤੇ ਲਾਹੌਰ ਦੀਆਂ ਫੌਜਾਂ ਨੂੰ ਲਾਮਬੰਦ ਕੀਤਾ। ਅੰਮ੍ਰਿਤਸਰ ਉੱਤੇ ਵੀ ਇੱਕ ਦਮ ਫੌਜਾਂ ਦਾ ਹੱਲਾ ਹੋਣ ਕਾਰਨ ਸਿੱਖ ਟਿਕਾਣਿਆਂ ਵੱਲ ਨਾ ਜਾ ਸਕੇ। ਉਨ੍ਹਾਂ ਕਾਹਨੂੰਵਾਨ ਦੇ ਛੰਭਾਂ ਵੱਲ ਜਾਣ ਦੀ ਵਿਉਂਤ ਬਣਾਈ। ਜਦੋਂ ਲਖਪਤ ਰਾਏ ਨੂੰ ਪਤਾ ਲੱਗਾ ਕਿ ਸਿੱਖ ਕਾਹਨੂੰਵਾਨ ਦੇ ਛੰਭ ਵੱਲ ਜਾ ਰਹੇ ਹਨ ਤਾਂ ਫੌਜਾਂ ਨੇ ਰਾਹ ਵਿੱਚ ਰੋਕਾਂ ਲਾ ਕੇ ਸਿੱਖਾਂ ਦੀ ਵਹੀਰ ਦਾ ਮੂੰਹ ਰਾਵੀ ਵੱਲ ਕਰ ਦਿੱਤਾ। ਲਖਪਤ ਰਾਏ ਨੇ ਮੁਗਲ ਸੈਨਾ ਦੀ ਸਹਾਇਤਾ ਨਾਲ ਮਈ 1746 ਵਿੱਚ ਛੰਭ ਨੂੰ ਚਾਰੇ ਪਾਸਿਓਂ ਘੇਰ ਲਿਆ, ਜੰਗਲ ਕਟਵਾ ਕੇ ਚਾਰੇ ਪਾਸੇ ਅੱਗ ਲਾ ਦਿੱਤੀ ਤੇ ਤੋਪਾਂ ਸਿੰਘਾਂ ਵੱਲ ਬੀੜ ਦਿੱਤੀਆਂ। ਸਿੰਘਾਂ ਦੇ ਸੱਜੇ ਪਾਸੇ ਰਾਵੀ, ਅੱਗੇ ਪਿੱਛੇ ਫੌਜ ਤੇ ਸਾਹਮਣੇ ਪਹਾੜੀ ਉਤੋਂ ਪੱਥਰ ਤੇ ਗੋਲੀਆਂ ਵਰ੍ਹਨ ਲੱਗੀਆਂ। ਇਸ ਵੇਲੇ ਸਿੰਘਾਂ ਕੋਲ ਨਾ ਰਸਦ ਸੀ, ਨਾ ਪਾਣੀ, ਨਾ ਤੋਪਾਂ ਤੇ ਨਾ ਬਰੂਦ ਸੀ। ਸ਼ਸਤਰ ਵੀ ਖੁੰਢੇ ਹੋ ਗਏ। ਕਮਾਨਾਂ ਕਮਜ਼ੋਰ ਹੋ ਗਈਆਂ ਉੱਤੇ ਤੀਰ ਮੁੱਕ ਗਏ। ਆਪਣੇ ਆਪ ਨੂੰ ਚਾਰੇ ਪਾਸਿਓਂ ਘਿਰਿਆ ਦੇਖ ਕੇ ਉਨ੍ਹਾਂ ਇਹ ਸੋਚ ਬਣਾਈ ਕਿ ਇੱਕ ਜਥਾ ਪਹਾੜੀ ਚੜ੍ਹੇ, ਦੂਜਾ ਰਾਵੀ ਪਾਰ ਕਰੇ ਤੇ ਤੀਜਾ ਭਾਈ ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠ ਲਖਪਤ ਰਾਏ ਦਾ ਟਾਕਰਾ ਕਰੇ। ਇਸੇ ਤਰ੍ਹਾਂ ਕੁਝ ਸਿੱਖ ਪਹਾੜੀਆਂ ਉੱਤੇ ਚੜ੍ਹ ਗਏ ਅਤੇ ਕੁਝ ਸਿੱਖ ਬਿਆਸ ਦਰਿਆ ਦੇ ਕੰਢੇ ਕੰਢੇ ਇਸ ਛੰਭ ਵਿੱਚੋਂ ਨਿਕਲਣ ਵਿੱਚ ਸਫਲ ਹੋ ਗਏ ਅਤੇ ਜੋ ਬਾਕੀ ਰਹਿ ਗਏ, ਉਨ੍ਹਾਂ ਫੈਸਲਾ ਕੀਤਾ ਕਿ ਗੋਲਕਾਰ ਕਿਲ੍ਹੇ ਦੀ ਸ਼ਕਲ ਬਣਾ ਕੇ ਲਖਪਤ ਰਾਏ ਦੀਆਂ ਫੌਜਾਂ ਉੱਤੇ ਹੱਲਾ ਬੋਲ ਦਿੱਤਾ ਜਾਏ। ਪਹਿਲੀ ਜੂਨ 1746 ਨੂੰ ਛੋਟੇ ਘੱਲੂਘਾਰੇ ਦਾ ਆਰੰਭ ਸੀ ਅਤੇ ਦੁੱਖ-ਭੁੱਖ ਦੀਆਂ ਮਾਰਾਂ ਸ਼ੁਰੂ ਹੋਈਆਂ। ਰੇਤਲੇ ਮੈਦਾਨ ਜੇਠ-ਹਾੜ੍ਹ ਦੀਆਂ ਧੁੱਪਾਂ ਵਿੱਚ ਪਾਰ ਕਰ ਕੇ ਬਿਆਸ ਤੱਕ ਪੁੱਜਣਾ ਔਖਾ ਕੰਮ ਸੀ। ਭਾਈ ਰਤਨ ਸਿੰਘ ਭੰਗੂ ਲਿਖਦੇ ਹਨ :

ਅੱਧੀ ਮੌਤ ਮੁਸਾਫਰੀ ਸਾਰੀ ਮੌਤ ਸੁ ਭੁੱਖ।
ਉਹਾਂ ਆਇ ਦੋਊ ਮਿਲੀ ਯਹ ਭਯੋ ਖਾਲਸੇ ਦੁੱਖ।

ਕਾਹਨੂੰਵਾਨ ਦੀ ਦਲਦਲ ਤੇ ਅੱਗ ਵਿੱਚ ਘਿਰ ਜਾਣ ਕਾਰਨ ਸੱਤ ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋ ਗਏ ਤੇ ਤਿੰਨ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਜ-ਾਇਆ ਗਿਆ। ਲਖਪਤ ਰਾਏ ਕਈ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਾਹੌਰ ਲੈ ਗਿਆ ਤੇ ਉਥੇ ਇਨ੍ਹਾਂ ਦੇ ਸਿਰਾਂ ਦਾ ਮੀਨਾਰ ਉਸਾਰਿਆ। ਲਾਹੌਰ ਵਿੱਚ ਸਿੰਘਾਂ ਨੂੰ ਨਖਾਸ (ਘੋੜਿਆਂ ਦੇ ਵਪਾਰ ਦੀ ਜਗ੍ਹਾ) ਵਾਲੇ ਥਾਂ ਸ਼ਹੀਦ ਕੀਤਾ ਗਿਆ। ਇਸ ਘੱਲੂਘਾਰੇ ਵਿੱਚ 10 ਹਜ਼ਾਰ ਤੋਂ ਵੱਧ ਸਿੱਖਾਂ ਦਾ ਜਾਨੀ ਨੁਕਸਾਨ ਹੋਇਆ। ਕਾਹਨੂੰਵਾਨ ਦੇ ਛੰਭ ਉੱਤੇ ਇੰਨੀ ਵੱਡੀ ਗਿਣਤੀ ਵਿੱਚ ਸਿੱਖਾਂ ਦੀ ਸ਼ਹਾਦਤ ਲਈ ਸਿੱਖ ਇਤਿਹਾਸ ਵਿੱਚ ਇਸ ਨੂੰ ਵਿੱਚੋਟਾ ਘੱਲੂਘਾਰਾ' ਦੇ ਨਾਂਅ ਨਾਲ ਯਾਦ ਕੀਤਾ ਜਾਂਦਾ ਹੈ। ਇਸੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿੱਚ ਗੁਰਦਾਸਪੁਰ ਵਿੱਚ ਛੰਭ ਕਾਹਨੂੰਵਾਨ ਵਿੱਚ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰੇ ਨੇੜੇ ਚੱਕ ਅਬਦੁਲ ਬਾਰੀ ਕਾਹਨੂੰਵਾਨ ਵਿੱਚ ਛੋਟਾ ਘੱਲੂਘਾਰਾ ਮੈਮੋਰੀਅਲ ਬਣਾਇਆ ਗਿਆ ਹੈ।

# ਜਦੋਂ ਥਾਣੇਦਾਰ ਦਾ ਮੋਬਾਈਲ ਮੋੜਿਆ

-ਸੁਰਜੀਤ ਭਗਤ



ਅਜੇ ਮੈਂ ਸਟੇਟ ਬੈਂਕ ਆਫ ਪਟਿਆਲਾ ਦੀ ਭਾਰਤ ਨਗਰ ਚੌਕ, ਲੁਧਿਆਣਾ ਬ੍ਰਾਂਚ ਵਿੱਚੋਂ ਬਾਹਰ ਨਿਕਲ ਕੇ ਮੋਟਰ ਸਾਈਕਲ ਸਟਾਰਟ ਕਰਨ ਲੱਗਾ ਸਾਂ ਕਿ ਥੱਲੇ ਪਿਆ ਇੱਕ ਮੋਬਾਈਲ ਅਚਾਨਕ ਮੇਰੀ ਨਜ਼ਰੀਂ ਪਿਆ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਮੋਬਾਈਲ ਫੋਨਾਂ ਦਾ ਅੱਜ ਵਾਂਗ ਘੜਮੱਸ ਨਹੀਂ ਸੀ ਪਿਆ ਕਿ ਮੰਗਤੇ ਵੀ ਫੋਨ ਫੜੀ ਫਿਰਦੇ ਹੋਣ। ਇਹ ਉਹ ਸਮਾਂ ਸੀ, ਜਦੋਂ ਮੋਬਾਈਲ ਫੋਨ ਕਮੀਜ਼ ਦੀ ਮੋਹਰਲੀ ਜੇਬ ਵਿੱਚ ਹੋਣਾ ਇੱਕ ਰੁਤਬਾ ਮੰਨਿਆ ਜਾਂਦਾ ਸੀ। ਉਸ ਦਾ ਦੋ ਇੰਚੀ ਬਾਹਰ ਨਿਕਲਿਆ ਐਨਟੀਨਾ ਵੀ ਲੋਕ ਤਾਜ਼ੀ ਬੰਨ੍ਹੀ ਪੱਗ ਵਾਂਗ ਸ਼ੀਸ਼ੇ ਵਿੱਚ ਨਿਹਾਰਦੇ ਸਨ। ਖੈਰ, ਫੋਨ ਚੁੱਕ ਲਿਆ ਤੇ ਅੱਗੇ ਪਿੱਛੇ ਵੇਖਣ ਲੱਗਾ, ਮਤਾ ਇਸ ਦਾ ਮਾਲਕ ਕਿਸੇ ਪਾਸਿਓਂ ਆ ਹੀ ਨਿਕਲੇ।

ਕੋਈ ਅੱਗੇ ਪਿੱਛੇ ਨਾ ਆਉਂਦਾ ਵੇਖ ਕੇ ਮੈਂ ਮੋਬਾਈਲ ਤੋਂ ਕੀਤੀ ਆਖਰੀ ਕਾਲ ਬਾਰੇ ਪਤਾ ਕਰਨ ਦਾ ਯਤਨ ਕਰਨ ਲੱਗਾ ਤਾਂ ਕਿ ਇਸ ਉੱਤੇ ਦੁਬਾਰਾ ਫੋਨ ਕਰ ਕੇ ਉਸ ਦੇ ਮਾਲਕ ਦਾ ਪਤਾ ਲਾਇਆ ਜਾ ਸਕੇ। ਬੈਂਕ ਵਿੱਚ ਮੇਰੇ ਨਾਲ ਆਏ ਸੱਜਣ ਵੱਲੋਂ ਦਿੱਤੀ 'ਨੇਕ ਸਲਾਹ' ਮੁਤਾਬਕ ਸਿਮ ਬਾਹਰ ਕੱਢ ਕੇ ਸੁੱਟ ਦੇਣ ਬਾਰੇ ਤਾਂ ਬਿਲਕੁਲ ਹੀ ਨਹੀਂ ਸੀ ਸੋਚ ਸਕਦਾ ਸਗੋਂ ਮੈਂ ਉਸ ਦੇ ਅਸਲੀ ਮਾਲਕ ਤੱਕ ਉਸ ਨੂੰ ਪੁਚਾਉਣ ਦਾ ਪ੍ਰਬਲ ਖਾਹਿਸ਼ਮੰਦ ਸਾਂ। ਲੱਖ ਕੋਸ਼ਿਸ਼ ਉੱਤੇ ਵੀ ਵਾਪਸੀ ਕਾਲ ਨਾ ਹੋ ਸਕੀ। ਫੋਨ ਉੱਤੇ ਕਿਸੇ ਪਾਸਿਓਂ ਆਉਣ ਵਾਲੀ ਕਾਲ ਦਾ ਇੰਤਜ਼ਾਰ ਕਰਨ ਤੋਂ ਇਲਾਵਾ ਮੇਰੇ ਕੋਲ ਚਾਰਾ ਨਹੀਂ ਸੀ ਰਹਿ ਗਿਆ। ਮੈਂ ਫੋਨ ਜੇਬ ਵਿੱਚ ਪਾ ਕੇ ਘਰ ਨੂੰ ਹੋ ਤੁਰਿਆ। ਕੋਈ ਪੌਣੇ ਕੁ ਘੰਟੇ ਬਾਅਦ ਫੋਨ ਦੀ ਘੰਟੀ ਵੱਜੀ। ਚੁੱਕਿਆ ਤਾਂ ਇੱਕ ਰੋਅਬਦਾਰ ਆਵਾਜ਼ ਮੇਰੇ ਕੰਨੀ ਪਈ।

"ਕੌਣ ਬੋਲਦੈਂ?" ਉਸ ਦੇ ਪੁੱਛਣ ਦਾ ਲਹਿਜ਼ਾ ਕਾਫੀ ਰੁੱਖਾ ਸੀ। "ਮੈਂ ਜੀ..." ਆਪਣਾ ਨਾਂਅ ਦੱਸਿਆ। "ਤੈਨੂੰ ਪਤੈ ਇਹ ਫੋਨ ਕੀਹਦਾ?" ਆਵਾਜ਼ ਰੁੱਖੇਪਣ ਤੋਂ ਪੁਲਸੀਆ ਦਾਬੇ ਵਿੱਚ ਬਾਦਲ ਗਈ। "ਜੀ ਤੁਹਾਡਾ ਹੀ ਹੋਣੈ, ਜੋ ਕਹਿ ਰਹੇ ਹੋ" ਮੈਂ ਅਜੇ ਵੀ ਸਹਿਜ ਸਾਂ। "ਮਾਂ ਥਾਣੇਦਾਰ ਬੋਲਦਾਂ।" ਉਸ ਦੇ ਬੋਲਾਂ ਤੋਂ ਪੁਲਸੀਆ ਸੁਭਾਅ ਦੀ ਸਪੱਸ਼ਟ ਝਲਕ ਪੈ ਰਹੀ ਸੀ। "ਦੱਸੋ ਜੀ, ਫਿਰ ਮੇਰੇ ਲਾਇਕ ਕੋਈ ਸੇਵਾ?" ਮੈਂ ਅਜੇ ਵੀ ਬੜੇ ਠਰ੍ਹੰਮੇ ਨਾਲ ਉਤਰ ਦੇ ਰਿਹਾ ਸਾਂ। "ਇਹ ਮੇਰਾ ਫੋਨ ਆ।" ਉਸ ਅਜੇ ਵੀ ਉਸੇ ਲਹਿਜ਼ੇ ਵਿੱਚ ਬੋਲ ਰਿਹਾ ਸੀ। "ਮੈਂ ਤਾਂ ਜਨਾਬ ਇਹ ਕਿਹਾ ਹੀ ਨਹੀਂ ਕਿ ਇਹ ਫੋਨ ਮੇਰਾ ਆ।" ਮੈਂ ਇਹ ਤਾੜ ਗਿਆ ਕਿ ਉਹ ਸ਼ਾਇਦ ਇਹ ਚਾਹੁੰਦਾ ਸੀ ਕਿ ਉਸ ਦਾ ਫੋਨ ਮੈਂ ਉਥੇ ਜਾ ਕੇ ਦੇ ਆਵਾਂ ਜਿੱਥੇ ਉਹ ਇਸ ਵਕਤ ਖੜਾ ਸੀ। ਮੈਂ ਬਿਨਾਂ ਡਰੇ, ਬਿਨਾਂ ਘਬਰਾਏ ਕਿਹਾ, "ਜਨਾਬ ਤੁਸੀਂ ਤਾਂ ਆਲ੍ਹਾ ਅਫਸਰ ਓ ਪੁਲਸ ਦੇ, ਜੇ ਫੋਨ ਤੁਹਾਡਾ ਏ ਤਾਂ ਤੁਹਾਨੂੰ ਦੇਣਾ ਹੀ ਏ, ਪਰ ਜੇ ਇਹ ਫੋਨ ਜੇ ਕਿਸੇ ਰਾਜ ਮਿਸਤਰੀ ਨਾਲ ਕੰਮ ਕਰਦੇ ਦਿਹਾੜੀਦਾਰ ਮਜ਼ਦੂਰ ਦਾ ਵੀ ਹੁੰਦਾ ਤਾਂ ਮੈਂ ਉਸ ਨੂੰ ਜਾ ਕੇ ਫੜਾ ਆਉਣਾ ਸੀ।" "ਬੱਲੇ ਓ ਤੇਰੇ" ਉਸ ਦੇ ਮੂੰਹੋਂ ਨਿਕਲਿਆ। ਸ਼ਾਇਦ ਉਹ ਮੇਰੇ ਤੋਂ ਅਜਿਹੇ ਮੂੰਹ ਫੱਟ ਹੋਣ ਦੀ ਆਸ ਨਹੀਂ ਸੀ ਰੱਖਦਾ।

"ਮੈਂ ਅਜੇ ਅੱਧਾ ਪੌਣਾ ਘੰਟਾ ਘਰੇ ਹਾਂ। ਆ ਜੋ ਅਤੇ ਆ ਕੇ ਫੋਨ ਲੈ ਜਾਓ। ਨਹੀਂ ਤਾਂ ਬਾਅਦ ਵਿੱਚ ਘਰੋਂ ਆ ਕੇ ਲੈ ਜਾਣਾ। ਮੈਂ ਜਵਾਹਰ ਨਗਰ ਰਹਿੰਦਾ ਹਾਂ। ਮੈਂ ਆਪਣਾ ਸਿਰਨਾਵਾਂ ਦੱਸਿਆ। "ਕੈਂਪ ਵਿੱਚ?" ਕੈਂਪ ਲਫਜ਼ ਸੁਣ ਕੇ ਉਹ ਕੁਝ ਏਦਾਂ ਝੁਭਕਿਆ, ਜਿਵੇਂ ਮੈਂ ਉਸ ਉੱਤੇ ਕੋਈ ਪੱਥਰ ਸੁੱਟ ਦਿੱਤਾ ਹੋਵੇ। ਇਥੇ ਰਹਿਣ ਵਾਲੇ ਲੋਕਾਂ ਉੱਤੇ ਉਸ ਨੂੰ ਸ਼ਾਇਦ ਇਤਬਾਰ ਨਹੀਂ ਸੀ। ਦਰਅਸਲ 1947 ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਆਏ ਗਰੀਬ-ਗੁਰਬੇ ਲੋਕਾਂ ਲਈ ਸਮੇਂ ਦੀ ਸਰਕਾਰ ਵੱਲੋਂ ਉਨ੍ਹਾਂ ਨੂੰ ਛੋਟੇ-ਛੋਟੇ 'ਮਡ ਹੱਟ' ਬਣਾ ਕੇ ਦਿੱਤੇ ਗਏ ਸਨ। ਸਿਤਮ ਜ਼ਰੀਫੀ ਦੀ ਗੱਲ ਇਹ ਹੈ ਕਿ ਆਜ਼ਾਦੀ ਦੇ ਸੱਤ ਤੋਂ ਵੱਧ ਦਹਾਕੇ ਬੀਤਣ ਦੇ ਬਾਵਜੂਦ ਗਰੀਬੀ ਉੱਤੇ ਅਨਪੜ੍ਹਤਾ ਕਾਰਨ ਇੱਥੇ ਰਹਿਣ ਵਾਲਿਆਂ ਨੂੰ ਬਹੁਤੇ ਚੰਗੇ ਨਹੀਂ ਸੀ ਸਮਝਿਆ ਜਾਂਦਾ। ਬੇਹੱਦ ਸੰਘਣੀ ਆਬਾਦੀ ਸੀ। ਘਣਤਾ ਦੇ ਹਿਸਾਬ ਨਾਲ ਬੱਕਰੀਆਂ ਦੇ ਵਾੜੇ ਨਾਲੋਂ ਵੀ ਗੱਲ ਗਈ ਗੁਜ਼ਰੀ ਸੀ।"ਮੈਂ ਇੱਥੇ ਹੀ ਜੰਮਿਆਂ ਪਲਿਆ, ਪੜ੍ਹਿਆ ਤੇ ਇੱਥੇ ਹੀ ਰਹਿੰਦਾ ਹਾਂ। ਮੇਰਾ ਨਾਂਅ ਪੁੱਛ ਲਓ ਤੇ ਫਲਾਣੇ ਥਾਂ ਆ ਜਾਣਾ।" ਮੈਂ ਉਸ ਨੂੰ ਨਕਸ਼ਾ ਸਮਝਾ ਦਿੱਤਾ। ਪਤਾ ਨਹੀਂ ਉਸ ਨੂੰ ਮੇਰੀਆਂ ਗੱਲਾਂ ਉੱਤੇ ਕਿੰਨਾ ਇਤਬਾਰ ਸੀ। ਉਹ ਅੱਧੇ ਘੰਟੇ ਦੀ ਥਾਂ ਪੰਦਰਾਂ-ਵੀਹਾਂ ਮਿੰਟਾਂ ਵਿੱਚ ਉਥੇ ਆ ਪੁੱਜਾ। ਮਿੱਥੀ ਜਗ੍ਹਾ ਉੱਤੇ ਜਦੋਂ ਮੈਂ ਉਸ ਨੂੰ ਮਿਲ ਕੇ ਉਸ ਦਾ ਫੋਨ ਉਸ ਦੇ ਹਵਾਲ ਕੀਤਾ ਤਾਂ ਉਸ ਨੂੰ ਜਿਵੇਂ ਯਕੀਨ ਨਹੀਂ ਸੀ ਆ ਰਿਹਾ ਕਿ ਉਹ 'ਕੈਂਪ' ਵਿੱਚ ਖੜ੍ਹਾ ਹੈ ਅਤੇ ਇਸ ਇਲਾਕੇ ਦੇ ਇੱਕ ਬਾਸ਼ਿੰਦੇ ਕੋਲੋਂ ਆਪਣਾ ਡਿੱਗਾ ਫੋਨ ਵਾਪਸ ਲੈ ਰਿਹਾ ਹੈ। ਮੈਂ ਉਸ ਨੂੰ ਇਹ ਵੀ ਦੱਸਿਆ ਕਿ ਚੰਗੇ-ਮੰਦੇ ਬੰਦੇ ਹਰ ਇਲਾਕੇ ਵਿੱਚ ਹੁੰਦੇ ਹਨ, ਗਰੀਬਾਂ ਦੀਆਂ ਸੰਘਣੀਆਂ ਆਬਾਦੀਆਂ ਜ਼ਰਾ ਪਹਿਲਾਂ ਬਦਨਾਮ ਹੋ ਜਾਂਦੀਆਂ ਹਨ ਕਿਉਂਕਿ ਉਥੋਂ ਮਾਡਰਨ ਕਾਲੋਨੀਆਂ ਵਾਂਗ ਪੰਜ ਸੌ ਗਜ਼ ਵਿੱਚ ਚਾਰ ਜਣੇ ਨਹੀਂ, ਸਗੋਂ 33 ਗਜ਼ ਵਿੱਚ ਸੱਤ-ਅੱਠ ਜਣੇ ਰਹਿੰਦੇ ਹਨ।

ਜਦੋਂ ਮੈਂ ਇਹ ਦੱਸਿਆ ਕਿ ਸੰਸਾਰ ਭਰ ਵਿੱਚ ਆਪਣੀ ਲੋਕ ਗਾਇਕੀ ਨਾਲ ਨਾਮਣਾ ਖੱਟਣ ਵਾਲੇ ਉਸਤਾਦ ਲਾਲ ਚੰਦ ਯਮਲਾ ਜੱਟ ਨੇ ਵੀ ਸਾਰੀ ਉਮਰ ਸਾਡੇ ਇਸੇ ਇਲਾਕੇ ਵਿੱਚ ਬਿਤਾਈ ਹੈ ਤਾਂ ਉਸ ਦਾ ਚਿਹਰਾ ਵੇਖਣ ਵਾਲਾ ਸੀ। ਉਹ ਇਨ੍ਹਾਂ ਲੋਕਾਂ ਬਾਰੇ ਮਨ ਵਿੱਚ ਬਣਾਈ ਆਪਣੀ ਸੋਚ 'ਤੇ ਸ਼ਰਮਿੰਦਾ ਹੋਇਆ ਜਾਪਦਾ ਸੀ ਤੇ ਆਮ ਸਥਿਤੀ ਵਿੱਚ ਆ ਰਿਹਾ ਸੀ। ਮੈਂ ਉਸ ਨੂੰ ਇਹ ਗੱਲ ਸਮਝਾਉਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਇਆ ਕਿ ਜ਼ਰੂਰੀ ਨਹੀਂ ਕਿ ਗਰੀਬੀ ਤੇ ਅਨਪੜ੍ਹਤਾ ਦਾ ਸਿਰਫ ਚੋਰੀ-ਚਕਾਰੀ ਜਾਂ ਬੇਈਮਾਨੀ ਨਾਲ ਹੀ ਨਾਤਾ ਹੋਵੇ। ਚੰਗੇ-ਮਾੜੇ ਬੰਦੇ ਕਿਤੇ ਵੀ ਹੋ ਸਕਦੇ ਹਨ। ਫੋਨ ਸਹੀ-ਸਲਾਮਤ ਮਿਲਣ ਉੱਤੇ ਉਹ ਬੇਹੱਦ ਖੁਸ਼ ਸੀ। "ਠੀਕ ਆ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ, ਮੈਂ ਤਾਂ ਆਸ ਛੱਡੀ ਬੈਠਾ ਸੀ। ਅੱਜ ਕੱਲ੍ਹ ਤਾਂ ਫੋਨ ਮਿਲਦੇ ਸਾਰ ਬੰਦੇ ਸਿੰਮ ਕੱਢ ਕੇ ਖਾਲੀ ਸੈੱਟ ਵੇਚਣ ਤੁਰ ਪੈਂਦੇ ਹਨ। ਫਿਰ ਕਿਹੜਾ ਪਤਾ ਲੱਗਦੈ? ਤੁਸੀ ਵੀ ਏਦਾਂ ਕਰ ਸਕਦੇ ਸੀ, ਪਰ ਮੇਰਾ ਮੋਬਾਈਲ ਸਹੀ ਸਲਾਮਤ ਮੇਰੇ ਕੋਲ ਹੈ, ਇਸ ਦਾ ਅਜੇ ਤੱਕ ਵੀ ਯਕੀਨ ਨਹੀਂ ਆ ਰਿਹਾ ਭਾਈ ਸਾਹਿਬ! ਮੇਰਾ ਨੰਬਰ ਲੈ ਲਓ, ਕਦੇ ਕੋਈ ਸੇਵਾ ਹੋਵੇ ਤਾਂ ਜ਼ਰੂਰ ਦੱਸਣਾ।" ਉਸ ਦਾ ਥਾਣੇਦਾਰੀ ਵਾਲਾ ਮੁਲ੍ਹੰਮਾ ਲਹਿ ਗਿਆ ਮਹਿਸੂਸ ਹੋ ਰਿਹਾ ਸੀ ਅਤੇ ਉਸ ਦਾ ਲਹਿਜ਼ਾ ਪੂਰੀ ਤਰ੍ਹਾਂ ਬਦਲ ਚੁੱਕਾ ਸੀ। "ਤੁਹਾਡੀ ਮਿਹਰਬਾਨੀ ਭਾਅ ਜੀ, ਤੁਹਾਡੇ ਨਾਲ ਕੰਮ ਨਾ ਈ ਪਵੇ ਤਾਂ ਚੰਗੈ" ਮੈਂ ਹਾਸੇ-ਹਾਸੇ ਵਿੱਚ ਹੱਥ ਜੋੜਦਿਆਂ ਟਕੋਰ ਲਾਈ ਤਾਂ ਉਸ ਨੇ ਜਾਣ ਲਈ ਮੋਟਰ ਸਾਈਕਲ ਨੂੰ ਕਿੱਕ ਮਾਰ ਲਈ।"

# ਸਰਕਸ ਵਾਲੀ ਪੰਜੀ

-ਇੰਦਰਜੀਤ ਭਲਿਆਣ

ਸ਼ੁਕਰ ਆ ਕਿ ਪਿੰਡ ਨੂੰ ਜਾਣ ਵਾਲੀ ਆਖਰੀ ਬਸ ਅਜੇ ਖੜ੍ਹੀ ਸੀ। ਬੀਬੀ ਮੈਨੂੰ ਬਾਂਹ ਤੋਂ ਘੜੀਸਦੀ ਬਸ ਵਿੱਚ ਚੜ੍ਹ ਗਈ। ਪਿੰਡਾਂ ਨੂੰ ਜਾਂਦੀਆਂ ਬਸਾਂ ਵਿੱਚ ਸੀਟ ਮਿਲਣਾ ਡੀਲਕਸ ਬਸ ਦੀ ਸਵਾਰੀ ਕਰਨ ਸਮਾਨ ਮੰਨਿਆ ਜਾਂਦਾ ਹੈ। ਬਸ ਸਵਾਰੀਆਂ ਨਾਲ ਇਸ ਤਰ੍ਹਾਂ ਖਚਾਖਚ ਭਰ ਜਾਂਦੀ ਕਿ ਸਾਹ ਲੈਣਾ ਔਖਾ ਹੋ ਜਾਂਦਾ। ਚੰਗੇ ਭਾਗਾਂ ਨੂੰ ਸਾਨੂੰ ਸੀਟ ਮਿਲ ਗਈ। ਇੰਨੇ ਨੂੰ ਅਗਲੀ ਤਾਕੀ ਰਾਹੀਂ ਇੱਕ ਬਜ਼ੁਰਗ ਚੜ੍ਹਿਆ ਤੇ ਸੁਰੀਲੀ ਆਵਾਜ਼ ਵਿੱਚ ਗਾਉਣ ਲੱਗਾ, 'ਦਵਾਈ ਦੀ ਦਵਾਈ ਵੀਰੋ, ਮਠਿਆਈ ਦੀ ਮਠਿਆਈ ਵੀਰੋ। ਨਾਲੇ ਆਪ ਖਾਓ, ਨਾਲੇ ਬੱਚਿਆਂ ਲਈ ਲੈ ਜਾਓ। ਅੰਬਰਧਾਰੇ (ਅੰਮ੍ਰਿਤਧਾਰਾ) ਦੀਆਂ ਗੋਲੀਆਂ, ਦਸੀ (10 ਪੈਸੇ) ਦਾ ਪੈਕੇਟ।' ਇਸ ਤੋਂ ਪਹਿਲਾਂ ਕਿ ਉਹ ਆਪਣੀ ਮਨਮੋਹਣੀ ਅਪੀਲ ਦੁਹਰਾਉਂਦਾ, ਸਵਾਰੀਆਂ ਨੇ 'ਮਠਿਆਈ-ਕਮ-ਦਵਾਈ' ਲਈ ਹਾਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਮੇਰੀ ਸੰਗਤਰੇ ਦੀਆਂ ਗੋਲੀਆਂ ਲੈਣ ਦੀ ਜ਼ਿੱਦ ਨੂੰ ਰੱਦ ਕਰ ਕੇ ਬੀਬੀ ਨੇ ਅੰਬਰਧਾਰੇ ਦੀਆਂ ਗੋਲੀਆਂ ਦਾ ਪੈਕੇਟ ਮੇਰੇ ਹੱਥ ਫੜਾ ਦਿੱਤਾ। "ਇਹ ਮੂਰਖ ਨੇ ਜਿਹੜੇ ਖਰੀਦ ਰਹੇ ਆ", ਕਹਿੰਦਿਆਂ ਇੱਕੋ ਝਿੜਕੀ ਨਾਲ ਮੈਨੂੰ ਚੁੱਪ ਕਰਾ ਦਿੱਤਾ।

ਬਹੁਤ ਸਸਤੇ ਵੇਲੇ ਸਨ ਉਹ। ਖੀਸੇ ਵਿੱਚ ਪਿਆ ਇੱਕ ਰੁਪੱਈਆ ਅੱਜ ਦੇ ਸੌ ਦੇ ਨੋਟ ਜਿੰਨਾ ਸੇਕ ਮਾਰਦਾ ਸੀ। ਪਿਤਾ ਜੀ ਫੌਜ ਵਿੱਚ ਸਨ। ਉਹ ਦੋ ਮਹੀਨੇ ਦੀ ਛੁੱਟੀ ਕੱਟ ਡਿਊਟੀ ਉੱਤੇ ਜਾਣ ਲਈ ਕਰੀਬ ਕਰੀਬ ਤਿਆਰ ਹੀ ਸਨ ਕਿ ਬਾਹਰ ਗਲੀ ਵਿੱਚ ਕੁਲਫੀਆਂ ਵਾਲੇ ਨੇ ਟੱਲੀ ਖੜਕਾ ਦਿੱਤੀ ਅਤੇ ਲੰਮੀ ਹੇਕ ਲਾਉਂਦਿਆਂ 'ਠੰਢੀ ਮਿੱਠੀ ਖੋਏ ਮਲਾਈ ਦੀ ਕੁਲਫੀ ਲੈ ਲਓ ਜੀ ਠੰਢੀ ਮਿੱਠੀ ਕੁਲਫੀ' ਦਾ ਹੋਕਾ ਦੇ ਦਿੱਤਾ। ਅਜੇ ਸੋਚ ਰਹੇ ਸਾਂ ਕਿ ਪਿਤਾ ਜੀ ਨੂੰ ਕੁਲਫੀ ਲਈ ਕਿਵੇਂ ਕਿਹਾ ਜਾਵੇ, ਪਿਤਾ ਜੀ ਨੇ ਜੇਬ ਵਿੱਚੋਂ ਰੁਪੱਈਆ ਕੱਢ ਕੇ ਮੈਨੂੰ ਫੜਾਉਂਦਿਆਂ ਕਿਹਾ, "ਜਾਓ ਖਾ ਲਓ ਕੁਲਫੀਆਂ, ਪਰ ਖਾਇਓ ਖੋਏ ਆਲੀ।" ਖੋਏ ਵਾਲੀ ਇੱਕ ਆਨੇ ਦੀ ਆਉਂਦੀ ਸੀ ਤੇ ਦੂਜੀ ਬਰਫ ਵਾਲੀ ਤਿੰਨ ਪੈਸੇ ਦੀ ਇੱਕ। ਮੈਂ ਚਚੇਰੇ ਭਰਾ ਨੂੰ ਨਾਲ ਲੈ ਕੁਲਫੀਆਂ ਲੈਣ ਚੱਲ ਪਿਆ। ਅਸੀਂ ਕੁਲਫੀਆਂ ਵੇਚਣ ਵਾਲੇ ਨੂੰ ਇੱਕ ਰੁਪੱਈਆ ਫੜਾ ਕੇ ਖੋਏ ਦੀਆਂ ਕੁਲਫੀਆਂ ਦੇਣ ਦਾ ਹੁਕਮ ਚਾੜ੍ਹ ਦਿੱਤਾ। ਸਾਡੇ ਵਾਂਗ ਕੁਲਫੀਆਂ ਵਾਲੇ ਦਾ ਚਿਹਰਾ ਵੀ ਖਿੜ ਗਿਆ। ਇੱਕੋ ਝੱਟੇ ਸੋਲ੍ਹਾਂ ਕੁਲਫੀਆਂ ਵਿਕਣੀਆਂ, ਉਹ ਵੀ ਖੋਏ ਵਾਲੀਆਂ, ਖੁਸ਼ੀ ਦੀ ਗੱਲ ਤਾਂ ਹੈ ਹੀ ਸੀ। ਭਾਈ ਨੇ ਸਾਨੂੰ ਗਿਣ ਕੇ ਸੋਲ੍ਹਾਂ ਕੁਲਫੀਆਂ ਪਾ ਦਿੱਤੀਆਂ। ਮੈਂ ਕੁਲਫੀਆਂ ਦੀ ਖੇਪ ਲੈ ਕੇ ਤੁਰਨ ਲੱਗਾ ਸੀ ਕਿ ਚਚੇਰੇ ਭਰਾ ਨੇ ਰੱਫੜ ਪਾ ਲਿਆ। ਉਹ ਆਪਣੀ ਥਾਂ ਸੱਚਾ ਸੀ। ਸੋਲ੍ਹਾਂ ਕੁਲਫੀਆਂ ਹੋਏ ਸੋਲ੍ਹਾਂ ਆਨੇ, ਭਾਵ ਛਿਆਨਵੇਂ ਪੈਸੇ, ਤੇ ਬਾਕੀ ਚਾਰ ਪੈਸੇ? ਕੁਲਫੀਆਂ ਵਾਲੇ ਨੇ ਬਰਫ ਵਾਲੀ ਕੁਰਫੀ ਦੇ ਕੇ ਜਾਨ ਛੁਡਾਈ।

ਇੱਕ ਦਿਨ ਜ਼ਰੂਰੀ ਸੁਨੇਹਾ ਦੇਣ ਨਾਨਕੇ ਪਿੰਡ ਜਾਣਾ ਪੈ ਗਿਆ। ਘਰਦਿਆਂ ਨੇ ਇੱਕ ਰੁਪਏ ਦਾ ਨੋਟ ਹੱਥ ਫੜਾ ਕੇ ਤਾਕੀਦ ਕੀਤੀ ਕਿ ਪਹਿਲਾਂ ਦਸ ਮੀਲ ਸਾਈਕਲ ਚਲਾ ਕੇ ਸ਼ਹਿਰ ਜਾਹ, ਉਥੋਂ ਬਸ ਚੜ੍ਹ ਕੇ ਨਾਨਕੇ ਚਲਾ ਜਾਈਂ, ਤੇ ਤੀਏ ਪਹਿਰ ਦੀ ਚਾਹ ਤੱਕ ਘਰ ਆ ਜਾਵੀਂ, ਅੱਠ ਆਨੇ ਆਮ ਤੇ ਅੱਠ ਆਨੇ ਜਾਣ ਦਾ ਬਸ ਦਾ ਭਾੜਾ ਲੱਗੇਗਾ, ਖਿਆਲ ਰੱਖੀਂ, ਪੈਸੇ ਕਿਧਰੇ ਗੇਰ ਨਾ ਦੇਈਂ। ਸ਼ਹਿਰ ਜਾ ਕੇ ਸਾਈਕਲ ਕਿਧਰੇ ਖੜ੍ਹਾ ਕਰ ਕੇ ਮੈਂ ਨਾਨਕੇ ਪਿੰਡ ਜਾਣ ਵਾਲੀ ਬਸ ਵਿੱਚ ਬੈਠ ਗਿਆ। ਕੰਡਕਟਰ ਨੇ ਟਿਕਟ ਦੇ ਨਾਲ ਜਿਹੜੇ ਅੱਠ ਆਨੇ ਮੋੜੇ, ਉਹ ਮੈਨੂੰ ਖੋਟੇ ਲੱਗੇ। ਕੰਡਕ-ਟਰ ਨੂੰ ਅੱਠ ਆਨੇ ਬਦਲਣ ਲਈ ਕਿਹਾ, ਪਰ ਉਹ ਨਾ ਮੰਨਿਆ। ਬੱਚਾ ਸਾਂ, ਚੁੱਪ ਕਰ ਗਿਆ, ਪਰ ਵਾਪਸੀ ਦਾ ਫਿਕਰ ਪੈ ਗਿਆ। ਜੇ ਅਗਲੀ ਬਸ ਦੇ ਕੰਡਕਟਰ ਨੇ ਖੋਟੇ ਪੈਸੇ ਕਹਿ ਕੇ ਬਸ ਤੋਂ ਉਤਾਰ ਦਿੱਤਾ, ਫਿਰ ਕੀ ਬਣੂ। ਇਨ੍ਹਾਂ ਫਿਕਰਾਂ ਵਿੱਚ ਨਾਨਕੇ ਘਰ ਪੁੱਜ ਗਿਆ। ਖੋਟਾ ਸਿੱਕਾ ਚੈਨ ਨਹੀਂ ਸੀ ਲੈਣ ਦੇ ਰਿਹਾ। ਆਖਿਰ ਸਾਰੀ ਗੱਲ ਨਾਨੀ ਨੂੰ ਸੁਣਾਈ। ਨਾਨੀ ਨੇ ਸਿੱਕਾ ਦੇਖ ਕੇ ਕਹਿ ਦਿੱਤਾ, ਇਹ ਤਾਂ ਠੀਕ ਆ, ਕੌਣ ਕਹਿ ਦੂ ਖੋਟਾ। ਨਾਨੀ ਨੇ ਇੱਕ ਰੁਪੱਈਆ ਮੇਰੇ ਹੱਥ ਦਿੰਦਿਆਂ ਕਿਹਾ, "ਲੈ ਜੇ ਨਾ ਚੱਲਿਆ ਤਾਂ ਇਹ ਚਲਾ ਲੀਂ।" ਵਾਪਸੀ ਉੱਤੇ ਪਹਿਲੀ ਅਠਿਆਨੀ ਵੀ ਚੱਲ ਗਈ ਤੇ ਨਾਨੀ ਦੇ ਰੁਪਈਏ ਨਾਲ ਮੌਜਾਂ ਅੱਡ ਲੁੱਟੀਆਂ।

ਸਾਡੇ ਨੇੜਲੇ ਸ਼ਹਿਰ ਗ੍ਰੇਟ ਰੋਮਨ ਸਰਕਸ (ਸ਼ਾਇਦ ਇਹੀ ਨਾਂਅ ਸੀ) ਆ ਗਈ। ਦੇਖਣ ਨੂੰ ਦਿਲ ਤਾਂ ਕਰਦਾ, ਪਰ ਕੋਈ ਸਬੱਬ ਨਾ ਬਣਿਆ। ਨਾ ਪੈਸਿਆਂ ਦਾ ਜੁਗਾੜ ਹੋਇਆ, ਨਾ ਜਾਣ ਦਾ। ਇੱਕ ਦਿਨ ਪਿੰਡ ਦਾ ਟਰੱਕ ਮਾਲਕ ਟਰੱਕ ਲੈ ਕੇ ਆ ਗਿਆ ਤੇ ਪਿੰਡ ਵਿੱਚ ਕਹਾ ਦਿੱਤਾ ਕਿ ਜੀਹਨੇ ਸਰਕਸ ਦੇਖਣ ਜਾਣਾ, ਆ ਜੋ ਟਰੱਕ ਚੱਲਿਆ, ਪਰ ਸਰਕਸ ਦੀ ਟਿਕਟ ਦਾ ਸਵਾ ਰੁਪੱਈਆ ਕੋਲ ਹੋਵੇ। ਸ਼ੋਅ ਦੇਖਣ ਘਰ ਦੇ ਸਾਰੇ ਜੀਅ ਜਾਣਾ ਚਾਹੁੰਦੇ ਸਨ, ਪਰ ਟਿਕਟ ਦੇ ਪੈਸਿਆਂ ਦਾ ਪ੍ਰਬੰਧ ਸਿਰਫ ਮੇਰੇ ਲਈ ਹੋ ਸਕਿਆ। ਬੀਬੀ ਨੇ ਇੱਕ ਰੁਪਏ ਦਾ ਨੋਟ ਤੇ ਤਿੰਨ ਦਸੀਆਂ ਦਿੰਦਿਆਂ ਕਿਹਾ, "ਸਵਾ ਰੁਪਏ ਦਾ ਟਿਕਟ ਲੈ ਲੀਂ ਤੇ ਜਿਹੜੀ ਪੰਜੀ ਬਚੂੰਗੀ, ਉਸ ਦਾ ਕੁਝ ਖਾ ਲੀਂ।" ਸਰਕਸ ਦੇ ਨੇੜੇ ਪਹੁੰਚ ਕੇ ਟਰੱਕ ਡਰਾਈਵਰ ਨੇ ਸਾਰਿਆਂ ਤੋਂ ਪੈਸੇ ਇਕੱਠੇ ਕੀਤੇ ਤੇ ਸਾਨੂੰ ਟਿਕਟ ਲਿਆ ਕੇ ਦੇ ਦਿੱਤੇ। ਟਿਕਟ ਤਾਂ ਮੈਨੂੰ ਮਿਲ ਗਿਆ, ਪਰ ਪੰਜੀ ਨਹੀਂ ਮਿਲੀ। ਟਰੱਕ ਵਾਲੇ ਤੋਂ ਪੰਜੀ ਮੰਗਣ ਗਿਆ ਤਾਂ ਉਹ ਅੱਗਿਓਂ ਟੁੱਟ ਕੇ ਪਿਆ। ਭੁੱਖਣ ਭਾਣੇ ਹੀ ਸਰਕਸ ਦੇਖਣੀ ਪਈ।

ਪਿਛਲੇ ਦਿਨੀਂ ਕਰਿਆਨੇ ਦੀ ਵੱਡੀ ਦੁਕਾਨ ਉੱਤੇ ਸੌਦੇ ਲੈਣ ਗਿਆ ਤਾਂ ਉਹੀ ਪੁਰਾਣੀਆਂ ਗੋਲੀਆਂ-ਮੱਛੀਆਂ ਦੀ ਥੈਲੀ ਪਈ ਦਿਸੀ। ਪੁੱਛਣ ਉੱਤੇ ਦੁਕਾਨਦਾਰ ਨੇ ਦੱਸਿਆ ਕਿ ਅੰਬਰਧਾਰੇ ਦੀਆਂ ਗੋਲੀਆਂ, ਵੀਹ ਰੁਪਏ ਦਾ ਪੈਕੇਟ। "ਹੈਂ ਵੀਹ ਰੁਪਏ। ਐਨਾ ਮਹਿੰਗਾ।" ਮੈਂ ਸੱਚੀ ਹੈਰਾਨ ਸਾਂ। ਦੁਕਾਨਦਾਰ ਨੂੰ ਮੇਰੀ ਟਿੱਪਣੀ ਜਚੀ ਨਹੀਂ, "ਕੀ ਗੱਲ ਕਰਦੇ ਹੋ ਸਰਦਾਰ ਜੀ, ਸਸਤਾ ਕੀ ਰਹਿ ਗਿਆ? ਸਰ੍ਹੋਂ ਦਾ ਤੇਲ ਦੇਖੋ, ਦਾਲਾਂ ਦੇਖੋ, ਪੈਟਰੋਲ ਡੀਜ਼ਲ ਦੇਖੋ, ਚੀਨੀ ਦੇਖੋ...ਹਰ ਚੀਜ਼ ਨੂੰ ਅੱਗ ਲੱਗੀ ਪਈ ਆ, ਲੁੱਟ ਕੇ ਖਾ ਗੀਆਂ ਸਰਕਾਰਾਂ ਗਰੀਬ ਨੂੰ।" ਆਖ ਕੇ ਬੁੜ ਬੁੜ ਕਰਦਾ ਸੌਦੇ ਤੋਲਣ ਲੱਗ ਪਿਆ।

## ਹਲਕਾ ਫੁਲਕਾ

ਦੋ ਡਾਕਟਰਾਂ ਦੀ ਗੱਲਬਾਤ:
ਪਹਿਲਾ, "ਭਰਾ ਮੈਂ ਤੇਰੀ ਤਾਰੀਫ ਕਰਦਾ ਹਾਂ ਜੋ ਤੂੰ ਸ਼ਾਮ ਦੇ ਸਮੇਂ ਵੀ ਇੰਨਾ ਚੁਸਤ ਤੇ ਤਾਜ਼ਾ ਨਜ਼ਰ ਆਉਂਦਾ ਹੈ। ਮੈਂ ਤਾਂ ਦਿਨ ਭਰ ਆਪਣੇ ਮਰੀਜ਼ਾਂ ਦਾ ਹਾਲ ਸੁਣਦੇ-ਸੁਣਦੇ ਸ਼ਾਮ ਤੱਕ ਥੱਕ ਜਾਂਦਾ ਹਾਂ।"
ਦੂਜਾ, "ਤੂੰ ਵੀ ਮੇਰੀ ਤਰ੍ਹਾਂ ਉਨ੍ਹਾਂ ਦੀਆਂ ਗੱਲਾਂ ਧਿਆਨ ਨਾਲ ਸੁਣਨੀਆਂ ਬੰਦ ਕਰ ਦੇਹ, ਤਾਜ਼ਾ ਰਹੇਂਗਾ।"

*********

ਪ੍ਰਵੀਨ, "ਜਿੱਥੇ ਵੀ ਮੈਂ ਪੈਸੇ ਰੱਖਦੀ ਹਾਂ, ਪੱਪੂ ਕਿਸੇ ਵੀ ਤਰ੍ਹਾਂ ਚੋਰੀ ਕਰ ਲੈਂਦਾ ਹੈ। ਮੇਰੀ ਸਮਝ ਵਿੱਚ ਨਹੀਂ ਆਉਂਦਾ ਪੈਸੇ ਲੁਕੋ ਕੇ ਕਿੱਥੇ ਰੱਖਾਂ?"
ਪਤੀ, "ਤੂੰ ਪੈਸੇ ਉਸ ਦੀਆਂ ਸਕੂਲ ਦੀਆਂ ਕਿਤਾਬਾਂ ਵਿੱਚ ਲੁਕੋ ਕੇ ਰੱਖਿਆ ਕਰ, ਕਿਉਂਕਿ ਉਹ ਆਪਣੀਆਂ ਕਿਤਾਬਾਂ ਨੂੰ ਕਦੇ ਹੱਥ ਹੀ ਨਹੀਂ ਲਾਉਂਦਾ।"

*********

ਮਾਲਕ ਆਪਣੇ ਮਕਾਨ ਦੇ ਤਾਜ਼ਾ ਬਣੇ ਚਿਕਨੇ ਫਰਸ਼ ਉੱਤੇ ਤਿਲਕ ਕੇ ਡਿੱਗ ਗਿਆ। ਇਹ ਦੇਖ ਕੇ ਨੌਕਰ ਨੂੰ ਹਾਸਾ ਆ ਗਿਆ ਤਾਂ ਆਪਣੀ ਸ਼ਰਮ ਨੂੰ ਮਿਟਾਉਂਦੇ ਹੋਏ ਮਾਲਕ ਨੇ ਨੌਕਰ ਨੂੰ ਝਿੜਕਿਆ, "ਹੱਸਦਾ ਕਿਉਂ ਏਂ?"
ਨੌਕਰ, "ਮਾਲਕ, ਮੈਂ ਤਾਂ ਇਸ ਗੱਲ ਲਈ ਖੁਸ਼ੀ ਮਨਾ ਰਿਹਾ ਸੀ ਕਿ ਤੁਹਾਨੂੰ ਸੱਟ ਨਹੀਂ ਲੱਗੀ।"

*********

ਕਮਲ (ਦੁਕਾਨਦਾਰ ਨਾਲ), "ਤੁਹਾਡੀ ਦੁਕਾਨ ਵਿੱਚ ਰੱਖੇ ਹੋਏ ਬੂਟ ਉਂਝ ਤਾਂ ਬਹੁਤ ਚੰਗੇ ਦਿਸਦੇ ਹਨ, ਪਰ ਇਨ੍ਹਾਂ ਦੇ ਚੱਲਣ ਦੀ ਕੀ ਗਾਰੰਟੀ ਹੈ?"
ਦੁਕਾਨਦਾਰ, "ਇਸ ਤੋਂ ਵੱਡੀ ਗਾਰੰਟੀ ਹੋਰ ਕੀ ਹੋਵੇਗੀ ਕਿ ਜੋ ਵੀ ਇਸ ਨੂੰ ਖਰੀਦ ਕੇ ਲੈ ਗਿਆ, ਉਹ ਫਿਰ ਕਦੀ ਸਾਡੀ ਦੁਕਾਨ ਉੱਤੇ ਨਹੀਂ ਆਇਆ।"

# ਸਟੱਡੀ ਵੀਜ਼ੇ ਲਈ ਪੰਜਾਬ ਵਿੱਚੋਂ ਭਰ-ਭਰ ਕੇ ਜਹਾਜ਼ ਉਡੇ

ਚੰਡੀਗੜ੍ਹ, 26 ਜੁਲਾਈ (ਪੋਸਟ ਬਿਊਰੋ)- ਪੰਜਾਬੀਆ ਵਿੱਚ ਸਟੂਡੈਂਟ ਵੀਜ਼ੇਦਾ ਰੁਝਾਨ ਦੇਖੀਏ ਤਾਂ ਜਾਪਦਾ ਹੈ ਕਿ ਜਿਵੇਂ ਪੰਜਾਬ ਖਾਲੀ ਹੋ ਗਿਆ ਹੋਵੇ। ਬੀਤੇ ਪੰਜ ਸਾਲਾਂ ਵਿੱਚ 2.62 ਲੱਖ ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਪੰਜਾਬ ਛੱਡ ਚੁੱਕੇ ਹਨ। ਘਰ-ਘਰ ਰੁਜ਼ਗਾਰ ਦਾ ਨਾਅਰਾ ਵੀ ਜਵਾਨੀ ਦਾ ਰਾਹ ਨਹੀਂ ਰੋਕ ਸਕਿਆ। ਸਟੂਡੈਂਟ ਵੀਜ਼ਾ ਲੈਣ ਵਿੱਚ ਦੇਸ਼ ਵਿੱਚੋਂ ਪੰਜਾਬ ਦਾ ਦੂਜਾ ਨੰਬਰ ਹੈ, ਪਰ ਸਾਲ 2019 ਵਿੱਚ ਪੰਜਾਬ ਨੇ ਸਟੱਡੀ ਵੀਜ਼ੇ ਲੈਣ ਵਿੱਚ ਮੁਲਕ ਵਿੱਚੋਂ ਪਹਿਲਾ ਨੰਬਰ ਲਿਆ ਅਤੇ ਜੇ ਕੋਵਿਡ ਮਹਾਮਾਰੀ ਅੜਿੱਕਾ ਨਾ ਬਣਦੀ ਤਾਂ ਰਫਤਾਰ ਨੂੰ ਠੱਲ੍ਹ ਨਹੀਂ ਪੈਣੀ ਸੀ।



ਬਿਊਰੋ ਆਫ ਇਮੀਗਰੇਸ਼ਨ ਦੇ ਤਾਜ਼ਾ ਵੇਰਵੇ ਅਨੁਸਾਰ ਪੰਜਾਬ ਵਿੱਚੋਂ ਸਟੱਡੀ ਵੀਜ਼ੇ ਉੱਤੇ ਜਨਵਰੀ 2016 ਤੋਂ ਫਰਵਰੀ 2021 ਤਕ 2.62 ਲੱਖ ਵਿਦਿਆਰਥੀ ਵਿਦੇਸ਼ ਗਏ ਹਨ। ਇਨ੍ਹਾਂ ਸਾਲਾਂ ਵਿੱਚ ਔਸਤਨ ਪੰਜਾਬ ਤੋਂ ਰੋਜ਼ 140 ਵਿਦਿਆਰਥੀ ਵਿਦੇਸ਼ ਪੜ੍ਹਨ ਲਈ ਜਹਾਜ਼ ਚੜ੍ਹਦੇ ਰਹੇ। ਸਾਲ 2019 ਵਿੱਚ ਰੋਜ਼ਾਨਾ ਔਸਤਨ 201 ਵਿਦਿਆਰਥੀਆਂ ਨੇ ਵਿਦੇਸ਼ ਨੂੰ ਚਾਲੇ ਪਾਏ। ਅੱਜ ਤਕ ਇਸ ਅੰਕੜੇ ਦਾ ਭੇਤ ਸੀ,ਪਰ ਜਦੋਂ ਕਿ ਮੀਡੀਆ ਇਸ ਨੂੰ ਪੇਸ਼ ਕਰਦਾ ਹੈ, ਤਾਂ ਇਹ ਅੰਕੜਾ ਹਾਕਮ ਜਮਾਤਾਂ ਉੱਤੇ ਵੀ ਉਂਗਲ ਉਠਾ ਰਿਹਾ ਹੈ, ਜੋ ਰੁਜ਼ਗਾਰ ਦੇ ਦਾਅਵੇ ਕਰਦੀਆਂ ਹਨ।


ਪੰਜਾਬ ਵਿੱਚ ਕਰੀਬ 55 ਲੱਖ ਘਰ ਹਨ ਅਤੇ ਇਸ ਪੱਖ ਤੋਂ ਵੇਖੀਏ ਤਾਂ ਪੰਜਾਬ ਦੇ ਔਸਤਨ ਹਰ 20ਵੇਂ ਘਰ ਦਾ ਜਵਾਨ ਸਟੱਡੀ ਵੀਜ਼ੇ ਉੱਤੇ ਵਿਦੇਸ਼ ਪੜ੍ਹਦਾ ਹੈ। ਔਸਤਨ 15 ਲੱਖ ਰੁਪਏ ਪ੍ਰਤੀ ਵਿਦਿਆਰਥੀ ਖਰਚਾ ਮੰਨੀਏ ਤਾਂ ਪੰਜਾਬ ਵਿੱਚੋਂ ਬੀਤੇ ਪੰਜ ਸਾਲਾਂ ਵਿੱਚ 3930 ਕਰੋੜ ਰੁਪਏ ਵਿਦੇਸ਼ ਚਲੇ ਗਏ ਹਨ। ਪੰਜਾਬ ਵਿੱਚੋਂ ਸਾਲ 2016 ਮਗਰੋਂ ਸਟੱਡੀ ਵੀਜ਼ੇ ਨੇ ਰਫਤਾਰ ਫੜੀ ਅਤੇ ਪੰਜਾਬ ਵਿੱਚ ਆਈਲੈਟਸ ਸੈਂਟਰਾਂ ਤੇ ਇਮੀਗਰੇਸ਼ਨ ਦਫਤਰਾਂ ਦਾ ਹੜ੍ਹ ਆਇਆ ਹੈ। ਤੱਥਾਂ ਅਨੁਸਾਰ ਦੇਸ਼ ਵਿੱਚੋਂ ਉਸ ਸਮੇਂ ਦੌਰਾਨ 21.96 ਵਿਦਿਆਰਥੀ ਵਿਦੇਸ਼ ਪੜ੍ਹਨ ਗਏ, ਜਿਸ ਵਿੱਚੋਂ 2.62 ਲੱਖ ਇਕੱਲੇ ਪੰਜਾਬ ਦੇ ਹਨ। ਸਟੱਡੀ ਵੀਜ਼ਾ ਲੈਣ ਵਾਲਿਆਂ ਵਿੱਚ ਪੰਜਾਬ ਦੂਜੇ ਤੇ ਆਂਧਰਾ ਪ੍ਰਦੇਸ਼ ਪਹਿਲੇ ਨੰਬਰ ਉੱਤੇ ਹੈ। ਮਿਲੇ ਵੇਰਵੇ ਅਨੁਸਾਰ ਪੰਜਾਬਤੋਂ ਸਾਲ 2016 ਵਿੱਚ 36743 ਨੌਜਵਾਨ, 2017 ਵਿੱਚ 52160 ਨੌਜਵਾਨ, 2019 ਵਿੱਚ 73574 ਤੇ ਸਾਲ 2020 ਵਿੱਚ 33413 ਨੌਜਵਾਨਵਿਦੇਸ਼ ਪੜ੍ਹਨ ਗਏ ਹਨ। ਸਾਲ 2021 ਦੇ ਪਹਿਲੇ ਦੋ ਮਹੀਨਿਆਂ ਵਿੱਚ 5791 ਨੌਜਵਾਨਸਟੱਡੀ ਵੀਜ਼ੇ ਉੱਤੇ ਗਏ ਹਨ। ਅੰਕੜਿਆਂ ਮੁਤਾਬਕ ਸਾਲ 2016 ਵਿੱਚ ਪੰਜਾਬ ਵਿੱਚੋਂ ਔਸਤਨ ਰੋਜ਼ਾਨਾ 100 ਵਿਦਿਆਰਥੀ ਜਹਾਜ਼ ਚੜ੍ਹਦੇ ਸਨ ਅਤੇ ਦੇਸ਼ ਵਿੱਚੋਂ ਪੰਜਾਬ ਦਾ ਇਸ ਵਿੱਚ ਨੰਬਰ ਚੌਥਾ ਸੀ। ਸਾਲ 2017 ਵਿੱਚ ਪੰਜਾਬ ਵਿੱਚੋਂ ਔਸਤ ਰੋਜ਼ਾਨਾ 142 ਨੌਜਵਾਨਵਿਦੇਸ਼ ਗਏ ਅਤੇ ਦੇਸ਼ ਵਿੱਚੋਂ ਪੰਜਾਬ ਤੀਜੇ ਨੰਬਰ ਉੱਤੇ ਆ ਗਿਆ। ਸਾਲ 2018 ਵਿੱਚ ਦੇਸ਼ ਭਰ ਵਿੱਚੋਂ ਪੰਜਾਬ ਦੂਜੇ ਨੰਬਰ ਉੱਤੇ ਪੁੱਜ ਗਿਆ ਤੇ 2019 ਵਿੱਚ ਦੇਸ਼ ਵਿੱਚੋਂ ਪਹਿਲੇ ਨੰਬਰ ਉੱਤੇਆ ਗਿਆ ਅਤੇ ਇਸ ਸਾਲ ਵਿੱਚ ਪੰਜਾਬ ਵਿੱਚੋਂ ਰੋਜ਼ਾਨਾ ਵਿਦੇਸ਼ ਜਾਣ ਵਾਲੇ ਨੌਜਵਾਨਦੀ ਗਿਣਤੀ ਔਸਤਨ 201 ਰਹੀ। ਤੀਸਰੇ ਨੰਬਰ ਉੱਤੇ ਮਹਾਰਾਸ਼ਟਰ ਹੈ, ਜਿੱਥੋਂ ਦੇ 2.54 ਲੱਖ ਵਿਦਿਆਰਥੀ ਵਿਦੇਸ਼ ਸਟੱਡੀ ਵੀਜ਼ੇ ਉੱਤੇ ਗਏ ਹਨ।

ਗੁਆਂਢੀ ਸੂਬੇ ਹਰਿਆਣੇ ਦੇ ਪੰਜ ਸਾਲਾਂ ਵਿੱਚ ਸਿਰਫ 42113 ਵਿਦਿਆਰਥੀ ਸਟੱਡੀ ਵੀਜ਼ੇ ਉੱਤੇ ਗਏ, ਜਦੋਂ ਕਿ ਉੱਤਰ ਪ੍ਰਦੇਸ਼ ਵਰਗੇ ਵੱਡੀ ਆਬਾਦੀ ਵਾਲੇ ਸੂਬੇ ਦੇ 81530 ਨੌਜਵਾਨਪੰਜ ਸਾਲਾਂ ਵਿੱਚ ਗਏ। ਆਮ ਆਦਮੀ ਪਾਰਟੀ ਦੀ ਹਕੂਮਤ ਵਾਲੇ ਦਿੱਲੀ ਇਲਾਕੇ ਵਿੱਚੋਂ 1.54 ਲੱਖ ਨੌਜਵਾਨਵਿਦੇਸ਼ ਪੜ੍ਹਨ ਗਏ ਹਨ, ਜਦੋਂ ਕਿ ਚੰਡੀਗੜ੍ਹ ਯੂ ਟੀ ਵਿੱਚੋਂ ਪੰਜ ਸਾਲਾਂ ਵਿੱਚ 1.14 ਲੱਖ ਵਿਦਿਆਰਥੀ ਵਿਦੇਸ਼ ਗਏ ਹਨ।

# ਜਾਅਲੀ ਦਸਤਾਵੇਜ਼ਾਂ ਨਾਲ ਦੂਸਰਾ ਪਾਸਪੋਰਟ ਅਪਲਾਈ ਕਰਨ ਵਾਲਾ ਫਸ ਗਿਆ

ਮੋਗਾ, 26 ਜੁਲਾਈ (ਪੋਸਟ ਬਿਊਰੋ)- ਇਕ ਵਿਅਕਤੀ ਨੇ ਆਪਣਾ ਅਸਲੀ ਨਾਮ ਛੁਪਾ ਕੇ ਫ਼ਰਜ਼ੀ ਦਸਤਾਵੇਜ਼ ਤਿਆਰ ਕਰ ਕੇ ਇੱਕ ਹੋਰ ਪਾਸਪੋਰਟ ਅਪਲਾਈ ਕਰ ਦਿੱਤਾ, ਪਰ ਜਾਂਚ ਤੋਂ ਬਾਅਦ ਰਿਜੈਕਟ ਹੋ ਗਿਆ ਹੈ। ਦੋਸ਼ੀ ਦੇ ਅਸਲ ਨਾਮ ਉੱਤੇ ਪਹਿਲਾਂ ਵੀ ਇੱਕ ਪਾਸਪੋਰਟ ਬਣਿਆ ਹੋਇਆ ਸੀ। ਪੁਲਸ ਨੇ ਦੋਸ਼ੀ ਵਿਰੁੱਧ ਥਾਣਾ ਬਾਘਾਪੁਰਾਣਾ ਵਿੱਚ ਧੋਖਾਧੜੀ ਸਣੇ ਹੋਰ ਵੱਖ-ਵੱਖ ਧਰਾਵਾਂ ਦਾਕੇਸ ਦਰਜ ਕਰ ਲਿਆ ਅਤੇ ਅਗਲੀ ਜਾਂਚ ਕਰ ਰਹੀ ਹੈ।

ਥਾਣਾ ਬਾਘਾਪੁਰਾਣਾ ਦੇ ਥਾਣੇਦਾਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਐੱਸ ਐੱਸ ਪੀ ਜ਼ਿਲ੍ਹਾ ਲੁਧਿਆਣਾ ਦਿਹਾਤੀ ਵੱਲੋਂ ਦੋਸ਼ੀ ਦੇ ਵਿਰੁੱਧ ਭੇਜੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਬਲਜਿੰਦਰ ਸਿੰਘ ਉਰਫ਼ ਬੱਬੀ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਮਾਹਲਾ ਖੁਰਦ, ਜ਼ਿਲ੍ਹਾ ਮੋਗਾ ਦੇ ਨਾਮ ਉਪਰ ਪਹਿਲਾਂ ਪਾਸ-ਪੋਰਟ ਬਣਿਆ ਹੋਇਆ ਹੈ, ਪਰ ਉਸ ਨੇ ਦੁਬਾਰਾ ਕੁਲਜਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਮਾਹਲਾ ਖੁਰਦ ਦੇ ਨਾਮ ਉੱਤੇ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਨਵਾਂ ਪਾਸਪੋਰਟ ਬਣਵਾਉਣ ਲਈ ਅਪਲਾਈ ਕੀਤਾ ਸੀ, ਜੋ ਜਾਂਚ ਉੱਤੇ ਰਿਜੈਕਟ ਹੋ ਗਿਆ।ਦੋਸ਼ੀ ਦੇ ਵਿਰੁੱਧ ਥਾਣਾ ਜਗਰਾਉਂ ਵਿੱਚ 29 ਅਗਸਤ 2008 ਨੂੰ ਧਾਰਾ 302, 364 (ਏ), 201, 120 ਬੀ ਦਾਕੇਸ ਦਰਜ ਹੈ ਅਤੇ 16 ਮਈ 2021 ਨੂੰ ਧਾਰਾ 302, 307, 397, 353, 186, 34 ਆਈ ਪੀ ਸੀ ਅਤੇ ਅਸਲਾ ਐਕਟ ਦਾ ਥਾਣਾ ਜਗਰਾਉਂ ਵਿੱਚ ਕੇਸ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਬਲਜਿੰਦਰ ਸਿੰਘ ਵਿਰੁੱਧ ਥਾਣਾ ਬਾਘਾ ਪੁਰਾਣਾ ਵਿੱਚ ਧੋਖਾਧੜੀ ਅਤੇ ਹੋਰ ਧਾਰਾਵਾਂ ਤਹਿਤ ਇੱਕ ਹੋਰ ਕੇਸ ਦਰਜ ਕਰ ਲਿਆ ਗਿਆ ਹੈ।




# ਜੌੜਾ ਫਾਟਕ ਟਰੇਨ ਹਾਦਸੇ ਵਿੱਚ ਮਰੇ 58 ਲੋਕਾਂ ਵਿੱਚੋਂ 34 ਦੇ ਵਾਰਸਾਂ ਨੂੰ ਨੌਕਰੀ ਦੇਣ ਦੇ ਹੁਕਮ

ਅੰਮ੍ਰਿਤਸਰ, 26 ਜੁਲਾਈ (ਪੋਸਟ ਬਿਊਰੋ)- ਜੌੜਾ ਫਾਟਕ ਉੱਤੇ 19 ਅਕਤੂਬਰ 2018 ਨੂੰ ਦੁਸਹਿਰੇ ਵਾਲੇ ਦਿਨ ਟਰੇਨ ਹਾਦਸੇ ਵਿੱਚ ਮਾਰੇ ਗਏ 58 ਲੋਕਾਂ ਵਿੱਚੋਂ 34 ਲੋਕਾਂ ਦੇ ਵਾਰਸਾਂ ਨੂੰ ਪੌਣੇ ਤਿੰਨ ਸਾਲ ਬਾਅਦ ਨੌਕਰੀ ਦੇ ਹੁਕਮ ਜਾਰੀ ਹੋਏ ਹਨ। ਮਾਰਚ 2021 ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕੈਬਨਿਟ ਵੱਲੋਂ ਮਨਜ਼ੂਰੀ ਵਾਲਾ ਇਹ ਨੋਟੀਫਿਕੇਸ਼ਨ ਕੱਲ੍ਹ ਜਾਰੀ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ 19 ਅਕਤੂਬਰ ਨੂੰ ਅੰਮ੍ਰਿਤਸਰ ਦੇ ਜੌੜਾ ਫਾਟਕ ਨੇੜੇ ਗਰਾਊਂਡ ਵਿੱਚ ਦੁਸਹਿਰਾ ਮਨਾਇਆ ਜਾ ਰਿਹਾ ਸੀ। ਰਾਵਣ ਸਾੜਨ ਦਾ ਇਹ ਪ੍ਰੋਗਰਾਮ ਕੌਂਸਲਰ ਦੇ ਪੁੱਤਰ ਅਤੇ ਕਾਂਗਰਸੀ ਨੇਤਾ ਮਿੱਠੂ ਮਦਾਨ ਨੇ ਕੀਤਾ ਸੀ ਅਤੇ ਇਸ ਵਿੱਚ ਮੁੱਖ ਮਹਿਮਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾਕਟਰ ਨਵਜੋਤ ਕੌਰ ਸਿੱਧੂ ਸਨ। ਦਿਨ ਢਲਣ ਪਿੱਛੋਂ ਜਦ ਹਨੇਰਾ ਹੋ ਰਿਹਾ ਸੀ ਤਾਂ ਰਾਵਣ ਸੜਦੇ ਨੂੰ ਦੇਖਣ ਲਈ ਲੋਕ ਰੇਲਵੇ ਲਾਈਨਾਂ ਉੱਤੇ ਭਾਰੀ ਤਦਾਦ ਵਿੱਚ ਇਕੱਠੇ ਸਨ। ਇਸੇ ਦੌਰਾਨ ਜਲੰਧਰ ਵੱਲੋਂ ਤੇਜ਼ ਰਫਤਾਰ ਟਰੇਨ ਆਈ ਅਤੇ ਲੋਕਾਂ ਨੂੰ ਕੁਚਲਦੀ ਲੰਘ ਗਈ ਅਤੇ ਚੀਕ-ਚਿਹਾੜਾ ਮੱਚ ਗਿਆ। ਕਾਹਲੀ-ਕਾਹਲੀ ਵਿੱਚ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ। ਉਸ ਘਟਨਾ ਵਿੱਚ 58 ਲੋਕ ਮਾਰੇ ਗਏ ਤੇ 71 ਜ਼ਖਮੀ ਹੋਏ ਸਨ। ਜਾਂਚ ਪਿੱਛੋਂ ਨਗਰ ਨਿਗਮ ਦੇ ਕੁਝ ਮੁਲਾਜ਼ਮਾਂ ਨੂੰ ਸਸਪੈਂਡ ਵੀ ਕੀਤਾ ਗਿਆ ਸੀ। ਸੂਬਾ ਸਰਕਾਰ ਨੇ ਹਰ ਮ੍ਰਿਤਕ ਪਰਵਾਰ ਨੂੰ ਪੰਜ-ਪੰਜ ਲੱਖ ਰੁਪਏ ਅਤੇ ਕੇਂਦਰ ਸਰਕਾਰ ਨੇ 2-2 ਲੱਖ ਰੁਪਏ ਦਿੱਤੇ ਸਨ। ਗੰਭੀਰ ਜ਼ਖਮੀ ਹੋਏ ਲੋਕਾਂ ਨੂੰ ਪੰਜਾਹ-ਪੰਜਾਹ ਹਜ਼ਾਰ ਦੀ ਆਰਥਿਕ ਮਦਦ ਦਿੱਤੀ ਗਈ ਸੀ। ਵਧਦੇ ਦਬਾਅ ਤਹਿਤ ਕੇਸ ਕੈਬਨਿਟ ਵਿੱਚ ਵਿਚ-ਾਰਿਆ ਗਿਆ ਅਤੇ ਨੌਕਰੀ ਦੇ ਲਈ ਮਨਜ਼ੂਰੀ ਦੇ ਦਿੱਤੀ ਗਈ ਸੀ ਅਤੇ ਕੱਲ੍ਹ ਉਸੇ ਦਾ ਨੋਟੀਫਿਕੇਸ਼ਨ ਆਇਆ ਹੈ।

# ਖੇਤੀ ਉਤਪਾਦਨ ਵਧਾਉਣ ਲਈ ਮਸ਼ੀਨਰੀ ਖਰਚੇ ਘਟਾਉਣ ਦੀ ਲੋੜ: ਅਸ਼ੋਕ ਚਟਾਨੀ

* ਮੋਗਾ ਵਿਖੇ ਕੁਦਰਤਵਾਦੀ ਸਰਬ ਸਾਂਝਾ ਮੰਚ ਦੀ ਮੀਟਿੰਗ, ਭੱਖਦੇ ਮਸਲਿਆਂ ਤੇ ਹੋਈ ਵਿਚਾਰ ਚਰਚਾ

ਮੋਗਾ, 26 ਜੁਲਾਈ (ਗਿਆਨ ਸਿੰਘ)- ਦੁਨੀਆਂ ਵਿਚ ਜਿਵੇਂ ਜਿਵੇਂ ਕੁਦਰਤੀ ਵਸੀਲਿਆਂ ਦਾ ਘਾਣ ਹੋ ਰਿਹਾ ਹੈ,ਇਸੇ ਕਾਰਨ ਅਸੀਂ ਮਹਾਂਮਾਰੀਆਂ ਨੂੰ ਸੱਦਾ ਦੇ ਰਹੇ ਹਾਂ।ਸਾਨੂੰ ਮਿਲਕੇ ਕੁਦਰਤੀ ਸੋਮੇ ਜੰਗਲਾਤ, ਹਵਾ-ਪਾਣੀ, ਮਿੱਟੀ ਨੂੰ ਬਚਾਉਣ ਅਤੇ ਜੈਵਿਕ ਖੇਤੀ ਰਾਂਹੀ ਜਹਿਰਾਂ ਤੋਂ ਰਹਿਤ ਖਾਧ ਪਦਾਰਥ ਪੈਦਾ ਕਰਨੇ ਪੈਣਗੇ।ਇਸ ਲਈ ਲੋਕ ਲਹਿਰ ਬਣਾਉਣ ਅਤੇ ਸਰਕਾਰਾਂ ਨੂੰ ਜਗਾਉਣ ਦੀ ਲੋੜ ਹੈ।ਵਿਗਿਆਨਕ ਯੁੱਗ ਵਿਚ ਖੇਤੀ ਮਾਹਿਰਾਂ ਨੂੰ "ਖੇਤੀ ਦਾ ਨਵਾਂ ਮਾਡਲ" ਤਿਆਰ ਕਰਨ ਅਤੇ ਨੌਜਵਾਨਾਂ ਨੂੰ ਲਾਮਬੰਦ ਕਰਨ ਦੀ ਲੋੜ ਹੈ।



ਇਥੇ ਅਸੋਕ ਚਟਾਨੀ ਦੀ ਪ੍ਰਧਾਨਗੀ ਹੇਠ ਹੋਈ ਕੁਦਰਤਵਾਦੀ ਸਰਬ ਸਾਂਝਾ ਮੰਚ ਦੀ ਮੀਟਿੰਗ ਵਿਚ ਇਹਨਾਂ ਭੱਖਦੇ ਮਸਲਿਆਂ ਤੇ ਵਿਚਾਰ ਚਰਚਾ ਕੀਤੀ ਹਈ। ਇਸ ਮੀਟਿੰਗ ਵਿਚ ਸ ਪ੍ਰੀਤਮ ਸਿੰਘ ਕੁਦਰਤਵਾਦੀ ਪ੍ਰਧਾਨ, ਕੁਦਰਤਵਾਦੀ ਸਰਬ ਸਾਂਝਾ ਮੰਚ ਪੰਜਾਬ, ਡਾ.ਬਲਜੀਤ ਸਿੰਘ ਪ੍ਰਧਾਨ,ਜੈ ਜਵਾਨ ਜੈ ਕਿਸਾਨ ਪਾਰਟੀ ,ਪੰਜਾਬ ਵਿਸ਼ੇਸ਼ ਤੌਰ ਤੇ ਸਾਮਲ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆ ਪ੍ਰੀਤਮ ਸਿੰਘ ਨੇ ਕਿਹਾ ਕਿ ਬਹੁਤੀ ਸਮੱਸਿਆਵਾਂ ਦਾ ਹੱਲ ਕੁਦਰਤੀ/ਜੈਵਿਕ ਖੇਤੀ ਹੈ।ਖੇਤੀ ਦਾ ਅਜਿਹਾ ਮਾਡਲ ਤਿਆਰ ਕਰਨ ਦੀ ਲੋੜ ਹੈ ਜਿਸ ਨਾਲ ਵਧੇਰੇ ਲੋਕਾਂ ਨੂੰ ਰੁਜ਼ਗਾਰ ਮਿਲੇ।ਡਾ. ਬਲਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਨੂੰ ਹਰਾਭਰਾ ਬਣਾਉਣ ਲਈ ਵੱਡੀ ਪੱਧਰ ਤੇ ਰੁੱਖ ਲਗਾਉਣ ਲਈ ਯੋਜਨਾ ਤਿਆਰ ਕਰਨ ਦੀ ਲੋੜ ਹੈ।ਪਾਣੀ ਉਹਨਾਂ ਕਿਹਾ ਕਿ ਸਰਕਾਰਾਂ ਇਸ ਵਲ ਧਿਆਨ ਨਹੀਂ ਦੇ ਰਹੀਆਂ। ਇਸ ਮੌਕੇ ਉਘੇ ਲੇਖਿਕ ਡਾ. ਸੁਰਜੀਤ ਬਰਾੜ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਕੈਪਟਨ ਗੁਰਚਰਨ ਸਿੰਘ ਸੌਰੀਆ ਚੱਕਰ, ਹਰਭਜਨ ਸਿੰਘ ਨਾਗਰਾ ਤੇ ਹੋਰ ਮੌਜੂਦ ਸਨ।

# ਕਿਸਾਨਾਂ ਨੇ ਭਾਜਪਾ ਜ਼ਿਲ੍ਹਾ ਪ੍ਰਧਾਨ ਨੂੰ ਪੰਜ ਘੰਟੇ ਬੰਦੀ ਬਣਾਇਆ

ਫਿਰੋਜ਼ਪੁਰ, 26 ਜੁਲਾਈ (ਪੋਸਟ ਬਿਊਰੋ)- ਰਾਜਪੁਰਾ ਵਿੱਚ ਕਿਸਾਨਾਂ ਵੱਲੋਂ ਭਾਜਪਾ ਦੇ ਸੀਨੀਅਰ ਨੇਤਾ ਦੇ ਪਰਵਾਰ ਸਣੇ ਭਾਜਪਾ ਦੇ ਹੋਰ ਨੇਤਾਵਾਂ ਨੂੰ ਕੋਠੀ ਵਿੱਚ ਬੰਦੀ ਬਣਾਉਣ ਦੀ ਘਟਨਾ ਦੇ ਬਾਅਦ ਕੱਲ੍ਹ ਕਿਸਾਨਾਂ ਨੇ ਫਿਰੋਜ਼ਪੁਰ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੱਗੇਕੇ ਪਿੱਪਲ ਦੇ ਪਰਵਾਰ ਨੂੰ ਕਰੀਬ ਪੰਜ ਘੰਟੇ ਤਕ ਬੰਦੀ ਬਣਾਈ ਰੱਖਿਆ।

ਅਸਲ ਵਿੱਚ ਕਿਸਾਨਾਂ ਨੂੰ ਸੂਚਨਾ ਮਿਲੀ ਕਿ ਭਾਜਪਾ ਦੇ ਸੂਬਾ ਜਨਰਲ ਸੈਕਟਰੀ ਆਰ ਪੀ ਮਿੱਤਲ ਭਾਜਪਾ ਨੇਤਾਵਾਂ ਦੇ ਨਾਲ ਬੈਠਕ ਕਰਨ ਲਈ ਸੁਰਿੰਦਰ ਸਿੰਘ ਦੇ ਘਰ ਆ ਰਹੇ ਸਨ। ਇਸੇ ਤਹਿਤ ਸਵੇਰੇ ਨੌਂ ਵਜੇ ਫਿਰੋਜ਼ਪੁਰ ਸ਼ਹਿਰ ਦੇ ਗੁਰੂ ਨਾਨਕ ਨਗਰ ਦੇ ਬਾਹਰ ਸੈਂਕੜੇ ਕਿਸਾਨ ਇਕੱਠੇ ਹੋ ਗਏ ਤੇ ਪੁਲਸ ਦੀ ਬੈਰੀਕੇਡਿੰਗ ਤੋੜ ਕੇ ਕਾਲੋਨੀ ਵਿੱਚ ਵੜ ਕੇ ਬੱਗੇ ਕੇ ਪਿੱਪਲ ਦੀ ਕੋਠੀ ਸਾਹਮਣੇ ਧਰਨਾ ਸ਼ੁਰੂ ਕਰ ਦਿੱਤਾ। ਇਹ ਧਰਨਾ ਦੁਪਹਿਰ ਦੋ ਵਜੇ ਤਕ ਜਾਰੀ ਰਿਹਾ। ਸੁਰਿੰਦਰ ਸਿੰਘ ਨੇ ਕਿਹਾ ਕਿ ਇਹ ਸਭ ਕੁਝ ਕਾਂਗਰਸ ਦੇ ਇਸ਼ਾਰੇ ਉੱਤੇ ਹੋਇਆ ਹੈ।

# ਸੱਤ ਸੈਕਿੰਡ ਵਿੱਚ ਇੱਕੋ ਔਰਤ ਨੂੰ ਦੋ ਵਾਰ ਵੈਕਸੀਨੇਸ਼ਨ

* ਗੱਲਾਂ ਕਰਦੀਆਂ ਦੋ ਨਰਸਾਂ ਨੇ ਇੱਕੋ ਔਰਤ ਦੇ ਦੋ ਪਾਸੀਂ ਟੀਕਾ ਲਾ ਦਿੱਤਾ



ਪਠਾਨਕੋਟ, 26 ਜੁਲਾਈ (ਪੋਸਟ ਬਿਊਰੋ)- ਸੀ ਐਚ ਸੀ ਬਧਾਨੀ ਵਿੱਚ ਲੱਗੇ ਵੈਕਸੀਨੇਸ਼ਨ ਕੈਂਪ ਵਿੱਚ ਲਾਪਰਵਾਹੀ ਸਾਹਮਣੇ ਕਾਰਨ ਕੰਟ੍ਰੈਕਟ ਉੱਤੇ ਰੱਖੇ ਨਰਸਿੰਗ ਸਟਾਫ ਨੇ ਇੱਕੋ ਔਰਤ ਨੂੰ ਪੰਜ ਤੋਂ ਸੱਤ ਸੈਕਿੰਡ ਵਿੱਚ ਕੋਵਿਸ਼ੀਲਡ ਦੇ ਦੋ ਟੀਕੇ ਲਾ ਦਿੱਤੇ। ਇਸ ਦੇ ਬਾਅਦ ਔਰਤ ਦੀ ਤਬੀਅਤ ਵਿਗੜੀ ਤਾਂ ਤਰਥੱਲੀ ਮਚ ਗਈ ਤੇ ਇਸ ਦੇ ਬਾਅਦ ਕੇਸ ਹੈਲਥ ਅਧਿਕਾਰੀਆਂ ਦੇ ਕੋਲ ਪਹੁੰਚਿਆ। ਡਾਕਟਰਾਂ ਨੇ ਔਰਤ ਨੂੰ ਤਿੰਨ ਘੰਟੇ ਤਕ ਨਿਗਰਾਨੀ ਵਿੱਚ ਰੱਖਿਆ ਅਤੇ ਹਾਲਤ ਵਿੱਚ ਸੁਧਾਰ ਹੋਣ ਦੇ ਬਾਅਦ ਦਵਾ ਦੇ ਕੇ ਘਰ ਭੇਜ ਦਿੱਤਾ।

ਬੁੰਗਲ ਦੇ ਵਾਸੀ ਅਸ਼ਵਨੀ ਨੇ ਦੱਸਿਆ ਕਿ ਉਸ ਦੀ ਪਤਨੀ ਸ਼ਿਖਾ ਕੋਵਿਸ਼ੀਲਡ ਦਾ ਟੀਕਾ ਲਵਾਉਣ ਗਈ ਸੀ। ਕੈਂਪ ਵਿੱਚ ਨਰਸਿੰਗ ਸਟਾਫ ਗੱਲਾਂ ਕਰਨ ਰੁੱਝਿਆ ਹੋਇਆ ਸੀ। ਇਸੇ ਦੌਰਾਨ ਇੱਕ ਨਰਸ ਨੇ ਸ਼ਿਖਾ ਦੀ ਸੱਜੀ ਤੇ ਦੂਸਰੀ ਨਰਸ ਨੇ ਉਸ ਦੀ ਖੱਬੀ ਬਾਂਹ ਵਿੱਚ ਟੀਕਾ ਲਾ ਦਿੱਤਾ। ਔਰਤ ਦੇ ਪਤੀ ਨੇ ਦੱਸਿਆ ਕਿ ਉਸ ਦੀ ਪਤਨੀ ਨੂੰ ਅਜੇ ਤਕ ਵੀ ਘਬਰਾਹਟ ਹੋ ਰਹੀ ਹੈ। ਪੀੜਤਾ ਦੇ ਪਤੀ ਨੇ ਨਰਸਾਂ ਦੀ ਲਾਪਰਵਾਹੀ ਦੀ ਸ਼ਿਕਾਇਤ ਐਸ ਐਮ ਓ ਨੂੰ ਕੀਤੀ ਹੈ।

ਸ਼ਿਕਾਇਤ ਮਿਲਣ ਉੱਤੇਸਿਵਲ ਹਸਪਤਾਲ ਬਧਾਨੀ ਦੀ ਐਸ ਐਮ ਓ ਡਾਕਟਰ ਸੁਨੀਤਾ ਸ਼ਰਮਾ ਨੇ ਇਸ ਬਾਰੇ ਕਿਹਾ ਕਿ ਵੈਕਸੀਨੇਸ਼ਨ ਕੈਂਪ ਵਿੱਚ ਭੀੜ ਕਾਰਨ ਨਰਸਾਂ ਨੂੰ ਭੀੜ ਵਿੱਚ ਪਤਾ ਨਹੀਂ ਲੱਗਾ ਅਤੇ ਔਰਤ ਨੂੰ ਇਕੱਠੇ ਦੋ ਟੀਕੇ ਲਾ ਦਿੱਤੇ। ਉਨ੍ਹਾਂ ਕਿਹਾ ਕਿ ਉਹ ਤਿੰਨ ਮਹੀਨੇ ਬਾਅਦ ਇਸ ਔਰਤ ਦਾ ਐਂਟੀ ਬਾਇਓਟੈਕ ਟੈਸਟ ਕਰਵਾਉਣਗੇ। ਉਨ੍ਹਾਂ ਨੇ ਕਿਹਾ ਕਿ ਨਰਸਾਂ ਤੋਂ ਲਖਤੀ ਸਪੱਸ਼ਟੀਕਰਨ ਮੰਗਿਆ ਗਿਆ ਹੈ।

## ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

# ਸਿੰਘ ਸਾਹਿਬਾਨ ਮੈਨੂੰ ਭੁੱਲੇ ਭਟਕੇ ਨੂੰ ਮੁੜ ਪੰਥ 'ਚ ਸ਼ਾਮਿਲ ਕਰ ਲੈਣ: ਲੰਗਾਹ

* ਪੰਥ 'ਚ ਵਾਪਸੀ ਲਈ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕੀਤੀ ਫ਼ਰਿਆਦ



ਅੰਮ੍ਰਿਤਸਰ 26 ਜੁਲਾਈ (ਗਿਆਨ ਸਿੰਘ ) - ਸਾਬਕਾ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਲੰਗਾਹ ਅੱਜ 101 ਦਿਨ ਵੀ ਰੋਜ਼ਾਨਾ ਦੀ ਤਰਾਂ ਇਕ ਨਿਮਾਣੇ ਸਿੱਖ ਵਜੋਂ ਲਗਾਤਾਰ ਨੰਗੇ ਪੈਰੀਂ ਆ ਕੇ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ਸੀਲ ਹੇਠਾਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ। ਉਨ੍ਹਾਂ ਪੰਥ 'ਚ ਮੁੜ ਵਾਪਸੀ ਲਈ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ 'ਚ ਅਰਦਾਸ ਬੇਨਤੀ ਕੀਤੀ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਭੁੱਲਾਂ-ਚੁੱਕਾਂ ਪ੍ਰਤੀ ਮੁਆਫ਼ੀ ਲਈ ਗੁਹਾਰ ਲਗਾਈ।

ਉਨ੍ਹਾਂ ਪੱਤਰਕਾਰਾਂ ਦੇ ਸਾਹਮਣੇ ਭਾਵਕ ਹੁੰਦਿਆਂ ਸੰਤਾਂ ਮਹਾਪੁਰਸ਼ਾਂ, ਸਿੱਖ ਜਥੇਬੰਦੀਆਂ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿੱਖ ਸੰਸਥਾਵਾਂ, ਸਮੂਹ ਸਿੱਖ ਸੰਗਤ ਅਤੇ ਪੰਥ ਅੱਗੇ ਤਰਲਾ ਮਾਰਦਿਆਂ ਕਿਹਾ ਕਿ ਮੇਰਾ ਤਰਲਾ ਮੇਰੀਆਂ ਮਿੰਨਤਾਂ, ਮੇਰੀ ਫ਼ਰਿਆਦ ਸਿੰਘ ਸਾਹਿਬਾਨ ਤੋਂ ਕਬੂਲ ਕਰਵਾ ਕੇ ਮੈਨੂੰ ਭੁੱਲੇ ਭਟਕੇ ਨੂੰ ਮੁਆਫ਼ੀ ਦਿਵਾ ਕੇ ਪੰਥ 'ਚ ਮੁੜ ਸ਼ਾਮਿਲ ਕੀਤਾ ਜਾਵੇ। ਹੁਣ ਤਕ ਮੇਰੇ ਬਜ਼ੁਰਗ ਮਾਤਾ ਪਿਤਾ ਅਤੇ ਮੈਂ ਅਨੇਕਾਂ ਵਾਰ ਭੁੱਲਾਂ ਚੁੱਕਾਂ ਲਈ ਖਿਮਾ ਯਾਚਨਾ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਸ ਦੇ ਮਾਤਾ ਪਿਤਾ 90-90 ਸਾਲ ਦੇ ਬਜ਼ੁਰਗ ਹਨ ਅਤੇ ਉਸ ਦੀ ਆਪਣੀ ਸਿਹਤ ਦਾ ਵੀ ਕੋਈ ਭਰੋਸਾ ਨਹੀਂ। ਮੇਰੇ ਬਜ਼ੁਰਗ ਮਾਤਾ ਪਿਤਾ ਰੋਜ਼ਾਨਾ ਮੇਰੇ ਮੂੰਹ ਵਲ ਦੇਖ ਦੇ ਹਨ ਕਿ ਅੱਜ ਸਾਡੇ ਪੁੱਤ ਨੂੰ ਮੁਆਫ਼ੀ ਮਿਲ ਜਾਵੇਗੀ ਤੇ ਸਾਡੇ ਜਿਉਂਦੇ ਜੀਅ ਸਾਡਾ ਪੁੱਤਰ ਪੰਥ ਵਿਚ ਮੁੜ ਸ਼ਾਮਿਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਮਹਾਨ ਹੈ, ਜੋ ਵੀ ਇਸ ਦੇ ਸ਼ਰਨ 'ਚ ਆਉਂਦਾ ਹੈ ਮੁਆਫ਼ ਕੀਤਾ ਜਾਂਦਾ ਰਿਹਾ ਹੈ, ਮੈਂ ਖ਼ੁਦ ਗੁਰੂ ਗ੍ਰੰਥ ਸਾਹਿਬ, ਗੁਰੂ ਪੰਥ ਅਤੇ ਸਮੁੱਚੀ ਸਾਧ ਸੰਗਤ ਦੇ ਚਰਨਾਂ ਨਾਲ ਜੁੜਨਾ ਚਾਹੁੰਦਾ ਹਾਂ। ਪੰਜ ਸਿੰਘ ਸਾਹਿਬਾਨ ਜੋ ਵੀ ਆਦੇਸ਼ ਦੇਣ ਸਜ਼ਾ ਲਾਉਣ ਮੈਂ ਪਰਵਾਨ ਕਰਾਂਗਾ। ਜਥੇਦਾਰ ਸਾਹਿਬ ਅਤੇ ਗੁਰੂ ਪੰਥ ਮੇਰੀਆਂ ਭੁੱਲਾਂ ਨੂੰ ਬਖ਼ਸ਼ ਦੇ ਹੋਏ ਮੈਨੂੰ ਮੁਆਫ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਸਿੱਖ ਕੌਮ ਦੇ ਮਹਾਨ ਸ਼ਖ਼ਸੀਅਤ ਹਨ ਅਤੇ ਰੱਬ ਤੋਂ ਬਾਅਦ ਦੂਜਾ ਦਰਜਾ ਰੱਖਦੇ ਹਨ। ਜਿਨ੍ਹਾਂ 'ਤੇ ਕਿਸੇ ਕਿਸਮ ਦਾ ਦਬਾਅ ਨਹੀਂ ਪਾਇਆ ਜਾ ਸਕਦਾ। ਉਨ੍ਹਾਂ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਕਰਦਿਆਂ ਵਿਚਾਰੇ ਗਏ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖਿਮਾ ਦੇ ਸੰਕਲਪ ਦਾ ਹਵਾਲਾ ਦਿੰਦਿਆਂ ਅਰਜੋਈ ਕੀਤੀ ਕਿ ਜਿਹੜਾ ਵੀ ਸਿੱਖ ਨਿਮਰਤਾ ਸਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਭੁੱਲਾਂ ਚੁੱਕਾਂ ਪ੍ਰਤੀ ਖਿਮਾ ਯਾਚਨਾ ਕਰਦਿਆਂ ਨਤਮਸਤਕ ਹੁੰਦਾ ਹੈ, ਉਸ ਨੂੰ ਮੁੜ ਪੰਥ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਲੰਗਾਹ ਨੇ ਕਿਹਾ ਕਿ ਉਸ ਦੀ ਖਿਮਾ ਯਾਚਕ ਪ੍ਰਤੀ ਲੰਮੇ ਸਮੇਂ ਤਕ ਕੋਈ ਸੁਣਵਾਈ ਨਾ ਹੋਣ ਕਾਰਨ ਇਕੱਲੇ ਉਸ ਨੂੰ ਹੀ ਨਹੀਂ ਸਗੋਂ ਉਸ ਦੇ ਪਰਿਵਾਰਿਕ ਮੈਂਬਰਾਂ ਰਿਸ਼ਤੇਦਾਰਾਂ ਨੂੰ ਵੀ ਮਾਨਸਿਕ ਅਤੇ ਸਮਾਜਿਕ ਪੀੜਾ ਵਿਚੋਂ ਗੁਜ਼ਰਨਾ ਪੈ ਰਿਹਾ ਹੈ।

# ਪੈਗਾਸਸ ਜਾਸੂਸੀ ਕਾਂਡ ਵਿਚ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਜਾਂਚ ਲਈ ਪਟੀਸ਼ਨ ਦਾਇਰ



ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਦੇ ਮੈਂਬਰ ਜਾਨ ਬ੍ਰਿਟਾਸ ਨੇ ਇਜ਼ਰਾਇਲ ਦੀ ਸਪਾਈਵੇਅਰ ਪੈਗਾਸਸ ਰਾਹੀਂ ਵਰਕਰਾਂ, ਨੇਤਾਵਾਂ, ਪੱਤਰਕਾਰਾਂ ਅਤੇ ਸੰਵਿਧਾਨਕ ਅਹੁਦਿਆਂ ਉੱਤੇ ਕੰਮ ਕਰਨ ਵਾਲੇ ਲੋਕਾਂ ਦੀ ਜਾਸੂਸੀ ਹੋਣ ਦੇ ਕੇਸ ਵਿੱਚ ਅਦਾਲਤ ਦੀ ਨਿਗਰਾਨੀ ਵਿਚ ਜਾਂਚ ਕਰਵਾਉਣ ਦੀ ਬੇਨਤੀ ਕਰਦੇ ਹੋਏ ਸੁਪਰੀਮ ਕੋਰਟ ਵਿੱਚ ਇੱਕ ਬਾਕਾਇਦਾ ਪਟੀਸ਼ਨ ਦਾਇਰ ਕੀਤੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਮੀਡੀਆ ਵਿੱਚ ਆਈਆਂ ਖਬਰਾਂ ਵਿੱਚ ਕਿਹਾ ਗਿਆ ਸੀ ਕਿ ਪੈਗਾਸਸ ਵਾਲੇ ਸਾਫਟਵੇਅਰ ਦੀ ਵਰਤੋਂ ਮੰਤਰੀਆਂ, ਨੇਤਾਵਾਂ, ਸਰਕਾਰੀ ਅਧਿਕਾਰੀਆਂ ਤੇ ਪੱਤਰਕਾਰਾਂ ਸਮੇਤ ਲਗਭਗ ਤਿੰਨ ਸੌ ਭਾਰਤੀ ਲੋਕਾਂ ਦੀ ਨਿਗਰਾਨੀ ਕਰਨ ਲਈ ਕੀਤੀ ਗਈ ਸੀ। ਇਸ ਨਾਲ ਦੇਸ਼ ਵਿੱਚ ਵੱਡਾ ਸਿਆਸੀ ਵਿਵਾਦ ਸ਼ੁਰੂ ਹੋ ਗਿਆ ਹੈ।ਸੁਪਰੀਮ ਕੋਰਟ ਵਿੱਚ ਜਨਹਿਤ ਪਟੀਸ਼ਨ ਦਾਖਲ ਕਰਨ ਵਾਲੇ ਪਾਰਲੀਮੈਂਟ ਮੈਂਬਰ ਬ੍ਰਿਟਾਸ ਨੇ ਕਿਹਾ ਕਿ ਪਿਛਲੇ ਦਿਨੀਂ ਸਾਹਮਣੇ ਆਏ ਜਾਸੂਸੀ ਦੇ ਦੋਸ਼ਾਂ ਨੇ ਭਾਰਤ ਦੇ ਇੱਕ ਵੱਡੇ ਵਰਗ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ ਅਤੇ ਜਾਸੂਸੀ ਦਾ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਡੂੰਘਾ ਅਸਰ ਪਵੇਗਾ। ਉਨ੍ਹਾਂ ਪੈਗਾਸਸ ਸਪਾਈਵੇਅਰ ਰਾਹੀਂ ਜਾਸੂਸੀ ਕਰਨ ਦੇ ਦੋਸ਼ਾਂ ਦੇ ਸਬੰਧ ਵਿੱਚ ਅਦਾਲਤ ਦੀ ਨਿਗਰਾਨੀ ਵਿੱਚ ਜਾਂਚ ਕਰਵਾਉਣ ਦੀ ਬੇਨਤੀ ਕੀਤੀ ਹੈ। ਸੀ ਪੀ ਆਈ (ਐੱਮ) ਦੇ ਪਾਰਲੀਮੈਂਟ ਮੈਂਬਰ ਬ੍ਰਿਟਾਸ ਨੇ ਕੱਲ੍ਹਇੱਕ ਬਿਆਨ ਵਿੱਚ ਕਿਹਾ ਕਿ ਬਹੁਤ ਗੰਭੀਰ ਕੇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਇਸ ਬਾਰੇ ਦੋਸ਼ਾਂ ਦੀ ਜਾਂਚ ਕਰਵਾਉਣ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਸ ਬਾਰੇ ਪਾਰਲੀਮੈਂਟ ਵਿੱਚ ਪ੍ਰਸ਼ਨ ਉਠਾਏ ਗਏ ਸਨ, ਪਰ ਸਰਕਾਰ ਨੇ ਸਪਾਈਵੇਅਰ ਵੱਲੋਂ ਜਾਸੂਸੀ ਤੋਂ ਨਾ ਇਨਕਾਰ ਕੀਤਾ ਅਤੇ ਨਾ ਸਵੀਕਾਰ ਕੀਤਾ ਹੈ।

ਇਸ ਦੌਰਾਨ ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਪੁੱਛਿਆ ਕਿ ਪੈਗਾਸਸ ਵੱਲੋਂ ਨੇਤਾਵਾਂ ਤੇ ਪੱਤਰਕਾਰਾਂ ਦੀ ਜਾਸੂਸੀ ਲਈ ਫੰਡਿੰਗਕਿਸ ਨੇ ਕੀਤੀ। ਉਨ੍ਹਾਂ ਨੇ ਪੈਗਾਸਸ ਕਾਂਡ ਦੀ ਤੁਲਨਾ ਹੀਰੋਸ਼ੀਮਾ ਬੰਬ ਹਮਲੇ ਨਾਲ ਕੀਤੀ ਅਤੇ ਕਿਹਾ ਕਿ ਇਜ਼ਰਾਈਲ ਦੇ ਸਾਫਟਵੇਅਰ ਵੱਲੋਂ ਜਾਸੂਸੀ ਕਰਨ ਨਾਲ ਆਜ਼ਾਦੀ ਦੀ ਮੌਤ ਹੋਈ ਹੈ। ਸੰਜੇ ਰਾਊਤ ਨੇ ਸ਼ਿਵ ਸੈਨਾ ਦੀ ਅਖਬਾਰ ਸਾਮਨਾ ਵਿੱਚ ਆਪਣੇ ਹਫਤਾਵਾਰੀ ਕਾਲਮ ਵਿੱਚਲਿਖਿਆ ਹੈ ਕਿ ਆਧੁਨਿਕ ਤਕਨੀਕ ਨੇ ਸਾਨੂੰ ਫਿਰ ਗੁਲਾਮੀ ਵਿੱਚ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਪੈਗਾਸਸ ਕੇਸ ਹੀਰੋਸ਼ਿਮਾ ਉੱਤੇਐਟਮੀ ਬੰਬ ਹਮਲੇ ਤੋਂ ਅਲੱਗ ਨਹੀਂ ਹੈ।ਕਾਂਗਰਸ ਦੇ ਸੀਨੀਅਰ ਆਗੂ ਪੀ ਚਿਦੰਬਰਮ ਨੇ ਕਿਹਾ ਕਿ ਸਰਕਾਰ ਨੂੰ ਜਾਂ ਜਾਸੂਸੀ ਦੇ ਦੋਸ਼ਾਂ ਦੀ ਸੰਯੁਕਤ ਪਾਰਲੀਮੈਂਟਰੀ ਕਮੇਟੀ ਤੋਂ ਜਾਂਚ ਕਰਵਾਉਣੀ ਚਾਹੀਦੀ ਹੈ ਜਾਂ ਸੁਪਰੀਮ ਕੋਰਟ ਤੋਂ ਕੇਸ ਦੀ ਜਾਂਚ ਲਈ ਕਿਸੇ ਮੌਜੂਦਾ ਜੱਜ ਨੂੰ ਨਿਯੁਕਤ ਕਰਨ ਦੀ ਬੇਨਤੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਕੇਸ ਵਿੱਚ ਪਾਰਲੀਮੈਂਟ ਵਿੱਚ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਲੋਕਾਂ ਦੀ ਜਾਸੂਸੀ ਹੋਈ ਜਾਂ ਨਹੀਂ।

# ਮਹਾਰਾਸ਼ਟਰ ਵਿੱਚੋਂ ਰਚੀ ਜਾ ਰਹੀ ਝਾਰਖੰਡ ਵਿੱਚ ਸਰਕਾਰ ਡੇਗਣ ਦੀ ਸਾਜ਼ਿਸ਼ ਫੜ੍ਹੀ ਗਈ

ਰਾਂਚੀ, 26 ਜੁਲਾਈ (ਪੋਸਟ ਬਿਊਰੋ)- ਝਾਰਖੰਡ ਸਰਕਾਰ ਦੇ ਖਿਲਾਫ ਸਾਜ਼ਿਸ਼ ਦੇ ਦੋਸ਼ ਵਿੱਚ ਫੜੇ ਮੁਲਜ਼ਮਾਂ ਦੇ ਬਿਆਨਾਂ ਨਾਲ ਪੁਲਸ ਸਾਹਮਣੇ ਕੇਸ ਦੇ ਤਾਰ ਖੁੱਲ੍ਹ ਗਏ ਹਨ। ਦੋਸ਼ੀਆਂ ਨੇ ਦੱਸਿਆ ਕਿ ਮਹਾਰਾਸ਼ਟਰ ਦੇ ਵਿਧਾਇਕਾਂ ਨੇ ਨਾ ਸਿਰਫ ਸਾਜ਼ਿਸ਼ ਰਚੀ, ਸਗੋਂ ਇਸ ਦਾ ਹਿੱਸਾ ਬਣਦੇ ਹੋਏ ਨਵੀਂ ਦਿੱਲੀ ਤੋਂ ਰਾਂਚੀ ਤਕ ਇਕੱਠਿਆਂ ਸਫਰ ਵੀ ਕੀਤਾ ਹੈ। ਇਸਕੇਸ ਵਿੱਚ ਗ੍ਰਿਫਤਾਰ ਅਭਿਸ਼ੇਕ ਦੂਬੇ, ਅਮਿਤ ਸਿੰਘ ਅਤੇ ਨਿਵਾਰਣ ਪ੍ਰਸਾਦ ਨੂੰ ਪੁਲਸ ਨੇ ਜੇਲ੍ਹ ਭੇਜ ਦਿੱਤਾ ਹੈ।

ਜੇਲ੍ਹ ਵਿੱਚ ਭੇਜੇ ਜਾਣ ਤੋਂ ਪਹਿਲਾਂ ਹੋਈ ਪੁੱਛਗਿੱਛ ਦੌਰਾਨ ਰਾਂਚੀ ਦੇ ਦੇਵ ਮੰਡਪ ਰੋਡ ਵਾਸੀ ਅਭਿਸ਼ੇਕ ਕੁਮਾਰ ਦੂਬੇ ਨੇ ਦੱਸਿਆ ਕਿ ਮਹਾਰਾਸ਼ਟਰ ਤੋਂ ਆਏ ਨੇਤਾ ਹੋਟਲ ਲੀ-ਲੇਕ ਵਿੱਚ ਰੁਕ ਕੇ ਸਥਾਨਕ ਵਿਧਾਇਕਾਂ ਦੀ ਖਰੀਦੋ-ਫਰੋਖਤ ਦੀ ਗੱਲ ਕਰ ਰਹੇ ਸਨ ਅਤੇ ਇਨ੍ਹਾਂ ਨੂੰ ਮੈਨੇਜ ਕਰ ਕੇ ਸਦਨ ਵਿੱਚ ਵੋਟਿੰਗ ਕਰਵਾ ਕੇ ਸਰਕਾਰ ਡੇਗਣ ਦੀ ਸਾਜ਼ਿਸ਼ ਰਚ ਰਹੇ ਸਨ, ਪਰ ਹੋਟਲ ਵਿੱਚ ਪੁਲਸ ਛਾਪੇ ਤੋਂ 15 ਮਿੰਟ ਪਹਿਲਾਂ ਸਾਰੇ ਨੇਤਾ ਨਿਕਲ ਗਏ ਸਨ। ਅਭਿਸ਼ੇਕ ਨੇ ਦੱਸਿਆ ਕਿ ਉਹ ਰਾਂਚੀ ਵਿੱਚ ਟੈਂਡਰ ਦਾ ਕੰਮ ਕਰਦਾ ਸੀ ਅਤੇ ਉਸ ਨੂੰ ਅਮਿਤ ਕੁਮਾਰ ਸਿੰਘ ਨੇ 15 ਜੁਲਾਈ ਨੂੰ 2.30 ਵਜੇ ਇੱਕ ਏਅਰ ਟਿਕਟ ਭੇਜੀ ਅਤੇ ਕਿਹਾ ਸੀ ਕਿ ਦਿੱਲੀ ਚੱਲਣਾ ਹੈ। ਉਹ ਦਿੱਲੀ ਏਅਰਪੋਰਟ ਤੋਂ ਸਿੱਧੇ ਹੋਟਲ ਵਿਦਾਂਤਾ ਦਵਾਰਕਾ ਪਹੁੰਚੇ, ਜਿੱਥੇ ਪੰਜ ਮਿੰਟ ਵਿੱਚ ਇੱਕ ਮਰਸਡੀਜ਼ ਵਿੱਚ ਤਿੰਨਾਂ ਵਿਧਾਇਕ ਜੈਕੁਮਾਰ ਬੇਲਖੇੜੇ ਉਰਫ ਬਾਲਕੁੰਡੇ ਨਾਲ ਪਹੁੰਚੇ ਅਤੇ ਦੂਸਰੀ ਗੱਡੀ ਵਿੱਚ ਅਭਿਸ਼ੇਕ ਕੁਮਾਰ, ਅਮਿਤ ਕੁਮਾਰ ਤੇ ਮਹਾਰਾਸ਼ਟਰ ਦੇ ਭਾਜਪਾ ਦੇ ਦੋ ਵਿਧਾਇਕ ਚੰਦਰ ਸ਼ੇਖਰ ਰਾਓ ਬਵਨਕੁਲੇ ਅਤੇ ਚਰਨ ਸਿੰਘ ਸਨ। ਉਥੋਂ ਉਹ ਸਾਰੇ ਕਈ ਵੱਡੇ ਨੇਤਾਵਾਂ ਦੇ ਘਰ ਗਏ। ਦੂਜੇ ਦਿਨ ਸਵੇਰੇ 10 ਵਜੇ ਬੇਲਖੇੜੇ ਉਰਫ ਬਾਲਕੁੰਡੇ, ਚੰਦਰ ਸ਼ੇਖਰ ਰਾਓ ਬਵਨਕੁਲੇ, ਚਰਨ ਸਿੰਘ ਨੇ ਤਿੰਨਾਂ ਵਿਧਾਇਕਾਂ ਦੀ ਵੱਡੇ ਨੇਤਾਵਾਂ ਨਾਲ ਮੀਟਿੰਗ ਕਰਵਾਈ, ਜਿੱਥੇ ਝਾਰਖੰਡ ਦੇ ਵਿਧਾਇਕਾਂ ਨੂੰ ਐਡਵਾਂਸ ਵਿੱਚ ਇੱਕ ਕਰੋੜ ਰੁਪਏ ਦੇਣ ਦੀ ਗੱਲ ਕਹੀ ਗਈ ਸੀ, ਪਰ ਪੈਸਾ ਨਾ ਮਿਲਣ ਤੋਂ ਨਾਰਾਜ਼ ਹੋਏ ਵਿਧਾਇਕ ਰਾਂਚੀ ਪਰਤ ਆਏ।

## 10 ਸਾਲ ਦੀ ਉਮਰ ਦੇ ਬੱਚੇ ਫੇਸਬੁੱਕ ਅਤੇ ਇੰਸਟਾਗ੍ਰਾਮ ਉਤੇ ਸਰਗਰਮ



ਨਵੀਂ ਦਿੱਲੀ, 26 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਨੈਸ਼ਨਲ ਚਾਈਲਡ ਰਾਈਟਸ ਸੁਰੱਖਿਆ ਕਮਿਸ਼ਨ (ਐਨ ਸੀ ਪੀ ਸੀ ਆਰ) ਦੇ ਸਰਵੇ ਵਿੱਚ ਪਤਾ ਲੱਗਾ ਹੈ ਕਿ 10 ਸਾਲ ਦੀ ਉਮਰ ਦੇ 37.8 ਫੀਸਦੀ ਬੱਚਿਆਂ ਦਾ ਫੇਸਬੁੱਕ ਅਕਾਊਂਟ ਹੈ ਅਤੇ ਇਸੇ ਉਮਰ ਵਰਗ ਦੇ 24.3 ਫੀਸਦੀ ਬੱਚੇ ਇੰਸਟਾਗ੍ਰਾਮ ਉੱਤੇ ਸਰਗਰਮ ਹਨ। ਐਨ ਸੀ ਪੀ ਸੀ ਆਰ ਦਾ ਕਹਿਣਾ ਹੈ ਕਿ ਇਹ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮ ਵੱਲੋਂ ਤੈਅ ਸਟੈਂਡਰਡਜ਼ ਦੇ ਉਲਟ ਹੈ।

ਵਰਣਨਯੋਗ ਹੈ ਕਿ ਫੇਸਬੁਕ ਅਤੇ ਇੰਸਟਾਗ੍ਰਾਮ ਉੱਤੇ ਅਕਾਊਂਟ ਖੋਲ੍ਹਣ ਲਈ ਘੱਟੋ-ਘੱਟ ਉਮਰ 13 ਸਾਲ ਤੈਅ ਹੈ। ਮੋਬਾਈਲ ਫੋਨ ਅਤੇ ਦੂਸਰੇ ਡਿਵਾਈਸ ਦੀ ਵਰਤੋਂ ਨਾਲ ਬੱਚਿਆਂ ਉੱਤੇ ਹੋਣ ਵਾਲੇ ਅਸਰ ਬਾਰੇ ਐਨ ਸੀ ਪੀ ਸੀ ਆਰ ਨੇ ਇਹ ਸਰਵੇ ਕਰਵਾਇਆ ਹੈ, ਜਿਸ ਮੁਤਾਬਕ ਪਤਾ ਲੱਗਾ ਹੈ ਕਿ 10 ਸਾਲ ਦੀ ਉਮਰ ਦੇ ਕਰੀਬ 37.8 ਫੀਸਦੀ ਬੱਚਿਆਂ ਦਾ ਫੇਸਬੁਕ ਅਕਾਊਂਟ ਹੈ ਅਤੇ ਇਸੇ ਉਮਰ ਵਰਗ ਦੇ 24.3 ਫੀਸਦੀ ਬੱਚੇ ਇੰਸਟਾਗ੍ਰਾਮ ਉੱਤੇ ਸਰਗਰਮ ਹਨ। ਐਨ ਸੀ ਪੀ ਸੀ ਆਰ ਦੇ ਸਰਵੇ ਵਿੱਚ ਇੱਕ ਦਿਲਚਸਪ ਗੱਲ ਇਹ ਪਤਾ ਲੱਗੀ ਕਿ ਬਹੁਤੇ ਬੱਚਿਆਂ ਦੀ ਆਪਣੇ ਮਾਤਾ-ਪਿਤਾ ਦੇ ਮੋਬਾਈਲ ਫੋਨ ਦੇ ਰਾਹੀਂ ਸੋਸ਼ਲ ਮੀਡੀਆ ਤੇ ਇੰਟਰਨੈਟ ਤਕ ਪਹੁੰਚ ਹੈ। ਇਸ ਸਰਵੇ ਵਿੱਚ ਕੁੱਲ 5811 ਲੋਕ ਸ਼ਾਮਲ ਸਨ। ਇਨ੍ਹਾਂ ਵਿੱਚ 3491 ਬੱਚੇ, 1534 ਮਾਪੇ, 786 ਅਧਿਆਪਕ ਅਤੇ 60 ਸਕੂਲ ਸ਼ਾਮਲ ਸਨ।

# ਚੋਰੀ ਦੇ ਲਗਜ਼ਰੀ ਵਾਹਨ ਖਰੀਦ ਕੇ ਵੇਚਦੇ 3 ਨੈਸ਼ਨਲ ਐਥਲੀਟ ਕਾਬੂ



ਨੋਇਡਾ, 26 ਜੁਲਾਈ (ਪੋਸਟ ਬਿਊਰੋ)- ਦਿੱਲੀ ਨਾਲ ਜੁੜਵੇਂ ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੇ ਥਾਣਾ ਸੈਕਟਰ 58 ਦੀ ਪੁਲਸ ਅਤੇ ਐਂਟੀ ਆਟੋ ਥੇਫਟ ਟੀਮ ਨੇ ਐਨ ਆਈ ਬੀ ਚੌਕੀ ਸਾਹਮਣੇ ਸੈਕਟਰ-62 ਨੋਇਡਾ ਤੋਂ ਲਗਜ਼ਰੀ ਵਾਹਨ ਚੋਰੀ ਕਰਨ ਵਾਲੇ ਨਾਗਾਲੈਂਡ ਦੇ ਬਹੁਚਰਚਿਤ ਕੇਤੂ ਗੈਂਗ ਦੇ ਤਿੰਨ ਬੰਦਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਤਿੰਨੇ ਦੋਸ਼ੀ ਨੈਸ਼ਨਲਪੱਧਰ ਦੇ ਐਥਲੀਟ ਹਨ ਅਤੇਇਹ ਲੋਕ ਆਨ ਡਿਮਾਂਡ ਚੋਰੀ ਦੇ ਵਾਹਨ ਖਰੀਦ ਕੇ ਅੱਗੇ ਵੇਚਦੇ ਸਨ। ਪੁਲਸ ਨੇ ਦੋਸ਼ੀਆਂ ਦੇ ਕੋਲੋਂ ਰੇਂਜ ਰੋਵਰ ਸਮੇਤ 17 ਲਗਜ਼ਰੀ ਕਾਰਾਂ, ਚਾਰ ਮੋਬਾਈਲ ਫ਼ੋਨ ਅਤੇ ਹੋਰ ਸਾਮਾਨ ਬਰਾਮਦ ਕਰ ਕੇ ਦਾਅਵਾ ਕੀਤਾ ਹੈ ਕਿ ਤਿੰਨੇ ਦੋਸ਼ੀ ਅੱਜ ਤਕ 100 ਤੋਂ ਵੱਧ ਚੋਰੀ ਦੇ ਵਾਹਨ ਖਰੀਦ ਕੇ ਅੱਗੇ ਵੇਚ ਚੁੱਕੇ ਹਨ।ਨੋਇਡਾ ਜੋਨ ਦੇ ਐਡੀਸ਼ਨਲ ਡੀ ਸੀ ਪੀ ਰਣਵਿਜੈ ਸਿੰਘ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣਅਮਿਤ ਵਾਸੀਮਹਿਮ, ਜ਼ਿਲ੍ਹਾ ਰੋਹਤਕ (ਹਰਿਆਣਾ), ਅਜਮੇਰ ਸਿੰਘ ਯਾਦਵ ਵਾਸੀ ਦਿਨੋਦ, ਥਾਣਾ ਸਦਰ ਭਿਵਾਨੀ (ਹਰਿਆਣਾ)ਅਤੇ ਸੰਦੀਪ ਵਾਸੀ ਮੁਡਾਂਲ ਥਾਣਾ ਸਦਰ ਭਿਵਾਨੀ (ਹਰਿਆਣਾ)ਵਜੋਂ ਹੋਈ ਹੈ। ਅਮਿਤ ਐਥਲੀਟ ਅਤੇ ਗੋਲਾ ਸੁੱਟਣ ਦਾ ਖਿਡਾਰੀ ਰਿਹਾ ਹੈ ਅਤੇ ਇਲਾਵਾ ਉਸਦੀ ਪਤਨੀ ਵੀ ਨੈਸ਼ਨਲ ਐਥਲੀਟ ਹੈ। ਦੂਸਰਾ ਦੋਸ਼ੀ ਅਜਮੇਰ ਯਾਦਵ ਰੈਸਲਿੰਗ ਦਾ ਪਲੇਅਰ ਰਿਹਾ ਹੈ। ਇਨ੍ਹਾਂ ਕੋਲੋਂ ਇੱਕ ਡਾਇਰੀ ਵੀ ਮਿਲੀ ਹੈ, ਜਿਸ ਵਿੱਚ ਉਨ੍ਹਾਂ ਗੱਡੀਆਂ ਦਾ ਵੇਰਵਾ ਹੈ, ਜਿਨ੍ਹਾਂ ਦਾ ਨੰਬਰ ਟੈਂਪਰਡ ਕਰ ਕੇ ਹਰਿਆਣਾ, ਦਿੱਲੀ, ਪੰਜਾਬ, ਗਾਜ਼ਿ-ਜਆਬਾਦ, ਮੇਰਠ ਵਿੱਚ ਚਲਾਈਆਂਗਈਆਂ ਹਨ।

ਚੋਰੀ ਦੀਆਂ ਲਗਜ਼ਰੀ ਗੱਡੀਆਂ ਨੂੰ ਟੈਂਪਰ ਕਰਵਾ ਕੇ ਨਾਗਾਲੈਂਡ ਦੇ ਦੀਮਾਪੁਰ ਦੇ ਵਾਸੀ ਕੇਤੁ, ਡੇਵਿਡ ਅਤੇ ਹਾਪਾ ਨੂੰ ਉਚੀਆਂ ਕੀਮਤਾਂ'ਤੇ ਵੇਚੀਆਂ ਜਾਂਦੀਆਂ ਸਨ। ਪੁੱਛਗਿੱਛ ਵਿੱਚ ਪਤਾ ਲੱਗਾ ਹੈ ਕਿ ਨਾਗਾਲੈਂਡ ਦੇ ਇਹ ਦੋਸ਼ੀ ਗੱਡੀਆਂ ਨੂੰ ਮਿਆਂਮਾਰ, ਭੂਟਾਨ ਸਮੇਤ ਕਈ ਥਾਂਵਾਂ'ਤੇ ਵੇਚਦੇ ਹਨ। ਕੇਤੁ ਦਾ ਭਰਾ ਉਥੇ ਨਾਜਾਇਜਕੰਮਾਂ ਵਿੱਚਸ਼ਾਮਲ ਹੈ।ਫੜੇ ਗਏ ਦੋਸ਼ੀ ਲਗਜ਼ਰੀ ਲਾਈਫ ਦੇ ਆਦੀ ਹਨ। ਮਾਸਟਰ ਮਈਂਡ ਅਮਿਤ ਦਾ ਭਿਵਾਨੀ ਵਿੱਚ ਲੱਗਭਗ ਦੋ ਵਿਘੇਵਿੱਚ ਘਰ ਬਣਿਆ ਹੋਇਆ ਹੈ, ਜਿਸ ਦੇ ਚਾਰ ਫਲੋਰ ਹਨ। ਸਭ ਤੋਂ ਹੇਠਲੇ ਫਲੋਰ ਉੱਤੇ ਲੱਗਭਗ ਇੱਕ ਕਰੋੜ ਦੀ ਲਾਗਤ ਦਾ ਜਿਮ ਹੈ। ਇਸਦੇ ਇਲਾਵਾ ਦੋਸ਼ੀ ਆਪਣੀ ਰੋਜਾਨਾ ਦੀ ਡਾਈਟ ਵਿੱਚ ਵੀ 20 ਤੋਂ 25 ਹਜ਼ਾਰ ਰੁਪਏ ਖਰਚ ਕਰਦਾ ਹੈ।

## ਪੁੱਤਰਾਂ ਨੂੰ ਸਾਰੀ ਪੂੰਜੀ ਦੇਣ ਵਾਲੀਮਾਂ ਬਿਮਾਰ ਪਈ ਤਾਂ ਕਾਰ ਦੀ ਡਿੱਕੀ ਵਿੱਚ ਪਾ ਕੇ ਹਸਪਤਾਲ ਲੈ ਗਏ

ਭਗਤਡੀਹ (ਧਨਬਾਦ), 26 ਜੁਲਾਈ (ਪੋਸਟ ਬਿਊਰੋ)- ਧਨਬਾਦ ਦੇ ਭਗਤਡੀਹ ਇਲਾਕੇ ਦੀ ਇੱਕ ਔਰਤ ਨੇ ਆਪਣੇ ਪੁੱਤਰਾਂ ਦੀ ਜ਼ਿੰਦਗੀ ਸੰਵਾਰਨ ਲਈ ਪਹਿਲਾਂ ਬੀ ਸੀ ਸੀ ਐਲ ਦੇ ਮੁਲਾਜ਼ਮ ਆਪਣੇ ਪਤੀ ਦੀ ਨੌਕਰੀ ਛੋਟੇ ਪੁੱਤਰ ਨੂੰ ਦਿਵਾ ਦਿੱਤੀ ਅਤੇ ਵੱਡੇ ਅਤੇ ਵਿਚਕਾਰਲੇ ਪੁੱਤਰ ਨੂੰ ਪਤੀ ਦੇਪ੍ਰਾਵੀਡੈਂਟ ਫੰਡ ਸਮੇਤ ਹੋਰ ਮਿਲਿਆ ਪੈਸਾ ਦੇ ਦਿੱਤਾ। ਪਿੰਡ ਵਿੱਚ ਪਈ ਜੱਦੀ ਜ਼ਮੀਨ ਵੇਚ ਕੇ ਪੈਸੇ ਤਿੰਨਾਂ ਪੁੱਤਰਾਂ ਵਿੱਚ ਵੰਡ ਦਿੱਤੇ। ਉਸੇ ਸੱਤਰ ਸਾਲ ਦੀ ਮਾਂ ਛੁਆਰਾ ਦੇਵੀ ਨੂੰ ਇਲਾਜ ਦੀ ਲੋੜ ਪਈ ਤਾਂ ਪੁੱਤਰਾਂ ਦਾ ਆਪਸੀ ਕਲੇਸ਼ ਚੱਲਿਆ ਤੇ ਮਾਂ ਤਿੰਨ ਘੰਟੇ ਤਕ ਕਾਰ ਦੀ ਡਿੱਕੀ ਵਿੱਚ ਬੇਸੁਧ ਪਈ ਰਹਿਣ ਨੂੰ ਮਜਬੂਰ ਰਹੀ, ਜਿਸ ਦੇ ਬਾਅਦ ਪੁਲਸ ਅਤੇ ਪ੍ਰਸ਼ਾਸਨ ਨੇ ਮਦਦ ਕੀਤੀ।

ਆਪਣੀ ਮਾਂ ਨੂੰ ਇਲਾਜ ਦੇ ਲਈ ਹਸਪਤਾਲ ਲੈ ਜਾਣ ਲਈ ਕਾਰ ਵਿੱਚ ਜਗ੍ਹਾ ਨਹੀਂ ਬਣੀ ਤਾਂ ਬੇਟੇ ਅਤੇ ਭਤੀਜੇ ਨੇ ਉਸ ਨੂੰ ਡਿੱਕੀ ਵਿੱਚ ਪਾ ਦਿੱਤਾ। ਇਸ ਬਾਰੇ ਥਾਣਾ ਝਰੀਆ ਪੁਲਸ ਨੂੰ ਸੂਚਨਾ ਮਿਲੀ ਤਾਂ ਪੁੱਤਰਾਂ ਨੂੰ ਫਿਟਕਾਰ ਲਾਈ ਅਤੇਮਾਂ ਨੂੰ ਡਿੱਕੀ ਵਿੱਚੋਂ ਕੱਢ ਕੇ ਕਾਰ ਦੀ ਪਿਛਲੀ ਸੀਟ ਉੱਤੇ ਲਿਟਾ ਕੇ ਹਸਪਤਾਲ ਭੇਜਿਆ। ਮਾਂ ਨੂੰ ਸੀਟ ਦੀ ਬਜਾਏ ਡਿੱਕੀ ਵਿੱਚ ਬਿਠਾਉਣ ਬਾਰੇ ਵਿਚਕਾਰਲੇ ਬੇਟੇ ਮਹੇਸ਼ ਨੇ ਕਿਹਾ ਕਿ ਮਾਂ ਨੂੰ ਕਾਰ ਵਿੱਚ ਚੰਗਾ ਮਹਿਸੂਸ ਨਹੀਂ ਹੋ ਰਿਹਾ ਸੀ, ਇਸ ਲਈ ਸੰਦੀਪ ਨੇ ਡਿੱਕੀ ਵਿੱਚ ਜਗ੍ਹਾ ਬਣਾ ਕੇ ਮਾਂ ਨੂੰ ਉਸ ਵਿੱਚ ਲਿਟਾ ਦਿੱਤਾ ਅਤੇ ਸਿਰ ਰੱਖਣ ਲਈ ਸਿਰਹਾਣਾ ਵੀ ਦਿੱਤਾ ਸੀ।ਬਸਤਾਕੋਲਾ ਦੀ ਇੰਡਸਟਰੀ ਕੋਲਿਅਰੀ ਦੇ ਵਾਸੀ ਬੀ ਸੀ ਐਲ ਮੁਲਜ਼ਮ ਸਵਰਗੀ ਗਣੇਸ਼ ਮਿਸਤਰੀ ਦੇ ਤਿੰਨ ਪੁੱਤਰ ਹਨ। ਗਣੇਸ਼ ਨੇ 1995 ਵਿੱਚ ਅਣਫਿਟ ਹੋ ਕੇ ਨੌਕਰੀ ਆਪਣੇ ਛੋਟੇ ਪੁੱਤਰ ਸੁਰੇਸ਼ ਨੂੰ ਦਿਵਾ ਦਿੱਤੀ। 1999 ਵਿੱਚ ਉਨ੍ਹਾਂ ਦੀ ਮੌਤ ਦੇ ਬਾਅਦ ਵੱਡੇ ਪੁੱਤਰ ਮਹੇਸ਼ ਅਤੇ ਵਿਚਕਾਰਲੇ ਪੁੱਤਰ ਨਰੇਸ਼ ਨੇ ਪਿਤਾ ਦੇ ਪ੍ਰਾਵੀਡੈਂਟ ਫੰਡ ਸਮੇਤ ਬਾਕੀ ਪੈਸੇ ਲੈ ਲਏ। ਮਾਂ ਛੁਆਰਾ ਦੇਵੀ ਨੇ ਪਿੰਡ ਦੀ 82 ਡਿਸਮਿਲ ਜ਼ਮੀਨ ਵੇਚ ਕੇ ਤਿੰਨਾਂ ਪੁੱਤਰਾਂ ਨੂੰ ਪੈਸੇ ਵੰਡ ਦਿੱਤੇ।

**ਪੈਗਾਸਸ ਜਾਸੂਸੀ ਕਾਂਡ ਦਾ ਅਸਰ**

## ਮਹਾਰਾਸ਼ਟਰ ਸਰਕਾਰ ਨੇ ਮੋਬਾਈਲ ਫ਼ੋਨ ਦੀ ਘੱਟ ਤੇ ਲੈਂਡਲਾਈਨ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਕਿਹਾ



ਮੁੰਬਈ, 26 ਜੁਲਾਈ (ਪੋਸਟ ਬਿਊਰੋ)- ਭਾਰਤ ਵਿੱਚ ਪੈਗਾਸਸ ਸਪਾਈਵੇਅਰ ਮੁੱਦੇਦੇ ਰੌਲੇ ਦੌਰਾਨ ਮਹਾਰਾਸ਼ਟਰ ਦੀ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਕਿਹਾ ਕਿ ਉਹ ਦਫ਼ਤਰ ਦੇ ਸਮੇਂ ਦੌਰਾਨ ਮੋਬਾਈਲ ਫ਼ੋਨ ਦੀ ਵਰਤੋਂ ਘੱਟ ਕਰਨ ਅਤੇ ਲੈਂਡਲਾਈਨ ਫ਼ੋਨ ਦੀ ਵੱਧ ਤੋਂ ਵੱਧ ਵਰਤੋਂ ਕਰਨ।

ਜਨਰਲ ਪ੍ਰਸ਼ਾਸਨ ਵਿਭਾਗ (ਜੀ ਏ ਡੀ) ਵੱਲੋਂ ਜਾਰੀ ਕੀਤੇ ਜ਼ਾਬਤੇ ਵਿੱਚ ਕਿਹਾ ਗਿਆ ਹੈ ਕਿ ਸਰਕਾਰੀ ਕੰਮ ਲਈ ਜ਼ਰੂਰੀ ਹੋਣ ਉੱਤੇ ਹੀ ਮੋਬਾਈਲ ਫ਼ੋਨ ਦੀ ਵਰਤੋਂ ਹੋਣੀ ਚਾਹੀਦੀ ਹੈ। ਇਸ ਹੁਕਮ ਮੁਤਾਬਕ ਦਫ਼ਤਰ ਵਿੱਚ ਮੋਬਾਈਲ ਫ਼ੋਨ ਦੀ ਅੰਨ੍ਹੇਵਾਹ ਵਰਤੋਂ ਸਰਕਾਰ ਦਾ ਅਕਸ ਖ਼ਰਾਬ ਕਰਦੀ ਹੈ ਅਤੇ ਜੇਮੋਬਾਈਲ ਫ਼ੋਨ ਦੀ ਵਰਤੋਂ ਕਰਨੀ ਹੈ ਤਾਂ ਟੈਕਸਟ ਮੈਸੇਜ ਦੀ ਵੱਧ ਵਰਤੋਂ ਕਰਨੀ ਚਾਹੀਦੀ ਹੈ ਤੇ ਇਨ੍ਹਾਂ ਜੰਤਰਾਂ ਰਾਹੀਂ ਗੱਲਬਾਤ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ। ਸਰਕਾਰ ਨੇ ਕਿਹਾ ਕਿ ਮੋਬਾਈਲ ਫ਼ੋਨ ਉੱਤੇ ਨਿੱਜੀ ਕਾਲ ਦਾ ਜਵਾਬ ਦਫ਼ਤਰ ਤੋਂ ਬਾਹਰ ਨਿਕਲ ਕੇ ਦੇਣਾ ਚਾਹੀਦਾ ਅਤੇਮੋਬਾਈਲ ਫ਼ੋਨ ਉੱਤੇ ਗੱਲਬਾਤ ਨਿਮਰਤਾਪੂਰਵਕ ਹੋਣੀ ਚਾਹੀਦੀ ਹੈ ਅਤੇ ਨੇੜਲੇ ਦੇ ਲੋਕਾਂ ਦਾ ਧਿਆਨ ਰੱਖ ਕੇ ਹੌਲੀ ਆਵਾਜ਼ ਵਿੱਚ ਹੋਣੀ ਚਾਹੀਦੀ ਹੈ, ਤਾਂ ਕਿ ਸਰਕਾਰੀ ਕੰਮਾਂ ਵਿੱਚ ਵਿਘਨ ਨਾ ਪਵੇ।

# ਤਾਲਿਬਾਨੀ ਲੜਾਕਿਆਂ ਦੇ ਨਾਲ ਪਾਕਿ ਫ਼ੌਜ ਅਫਗਾਨਿਸਤਾਨ ਦੇ ਅੰਦਰ ਤੱਕ ਦਾਖ਼ਲ



ਇਸਲਾਮਾਬਾਦ, 26 ਜੁਲਾਈ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਦੀ ਮਦਦ ਕਰਦੀ ਪਾਕਿਸਤਾਨੀ ਫ਼ੌਜ ਨੇ ਕੌਮਾਂਤਰੀ ਸਰਹੱਦ ਦਾ ਵੀ ਸਨਮਾਨ ਕਰਨਾ ਛੱਡ ਦਿੱਤਾ ਹੈ।

ਪਾਕਿਸਤਾਨੀ ਫ਼ੌਜ ਦੇ ਜਵਾਨ ਦੋਵਾਂ ਦੇਸ਼ਾਂ ਵਿਚਾਲੇ ਮੌਜੂਦ ਡੂਰੰਡ ਲਾਈਨ ਪਾਰ ਕਰ ਕੇ ਅਫਗਾਨਿਸਤਾਨੀ ਧਰਤੀ ਉੱਤੇ ਦਿਖਾਈ ਦਿੱਤੇ ਹਨ। ਤੇਜ਼ੀ ਨਾਲ ਵਾਇਰਲ ਹੋ ਰਹੇ ਇੱਕ ਵੀਡੀਓ ਵਿੱਚ ਪਾਕਿਸਤਾਨੀ ਫ਼ੌਜ ਦੇ ਜਵਾਨ ਤਾਲਿਬਾਨ ਦੇ ਕੰਟਰੋਲ ਵਾਲੇ ਇਲਾਕੇ ਵਿੱਚ ਆਉਂਦੇ ਦਿਖਾਈ ਦੇਂਦੇ ਹਨ। ਦਾਅਵਾ ਕੀਤਾ ਗਿਆ ਹੈ ਕਿ ਇਹ ਵੀਡੀਓ ਪਾਕਿਸਤਾਨ-ਅਫਗਾਨਿਸਤਾਨ ਸਰਹੱਦ ਉੱਤੇ ਸਪਿਨ ਬੋਲਡਕ ਇਲਾਕੇ ਵਿੱਚ ਪਿੱਛੇ ਜਿਹੇ ਰਿਕਾਰਡ ਕੀਤਾ ਗਿਆ ਹੈ। ਇਸ ਇਲਾਕੇ ਵਿੱਚ ਅਫਗਾਨੀ ਧਰਤੀ ਉੱਤੇ ਨਜ਼ਰ ਸੁਰੱਖਿਆ ਪੋਸਟ ਉੱਤੇ ਪਾਕਿਸਤਾਨੀ ਜਵਾਨ ਤਾਲਿਬਾਨੀ ਲੜਾਕਿਆਂ ਨਾਲ ਖੜੇ ਹਨ। ਪਾਕਿਸਤਾਨੀ ਫ਼ੌਜ ਨੇ ਇਸ ਵੀਡੀਓ ਬਾਰੇ ਅਜੇ ਤਕ ਕੋਈ ਵੀ ਬਿਆਨ ਜਾਰੀ ਨਹੀਂ ਕੀਤਾ।

ਦੂਸਰੇ ਪਾਸੇ ਅਮਰੀਕਾ ਨੇ ਅਫਗਾਨਿਸਤਾਨ ਸਰਕਾਰ ਨਾਲ ਸਮਝੌਤਾ ਵਾਰਤਾ ਵਿੱਚ ਸ਼ਾਮਲ ਹੋਣ ਲਈ ਤਾਲਿਬਾਨ ਨੂੰ ਸੱਦਾ ਦਿੱਤਾ ਹੈ। ਅਮਰੀਕਾ ਨੇ ਤਾਲਿਬਾਨ ਨੂੰ ਇਹ ਬੇਨਤੀ ਤਾਲਿਬਾਨ ਦੀ ਉਸ ਟਿੱਪਣੀ ਤੋਂ ਬਾਅਦ ਕੀਤੀ, ਜਿਸ ਵਿੱਚ ਕਿਹਾ ਗਿਆ ਸੀ ਕਿ ਉਹ ਅਫਗਾਨਿਸਤਾਨ ਵਿੱਚ ਨਵੀਂ ਸਰਕਾਰ ਬਾਰੇ ਸਮਝੌਤਾ ਹੋਣ ਤਕ ਜੰਗਬੰਦੀ ਅਤੇ ਸ਼ਾਂਤੀ ਉੱਤੇ ਸਹਿਮਤ ਨਹੀਂ ਹੋਣਗੇ। ਅਮਰੀਕੀ ਵਿਦੇਸ਼ ਵਿਭਾਗ ਦੀ ਉਪ ਬੁਲਾਰਾ ਜਲਿਨਾ ਪੋਰਟਨ ਨੇ ਕਿਹਾ ਕਿ ਅਫਗਾਨਿਸਤਾਨ ਸੰਘਰਸ਼ ਵਿੱਚ ਅਮਰੀਕੀਆਂ ਦੇ ਨਾਲ ਕੰਮ ਕਰਨ ਵਾਲੇ ਅਫਗਾਨਾਂ ਖ਼ਿਲਾਫ਼ ਹਿੰਸਾ ਖ਼ਤਮ ਹੋਣੀ ਚਾਹੀਦੀ ਹੈ।

# ਆਈ ਸੀ ਸੀ ਤਾਲਿਬਾਨ ਦੇ ਜੰਗੀ ਅਪਰਾਧਾਂ ਦੀ ਜਾਂਚ ਕਰ ਰਿਹੈ

ਕਾਬੁਲ, 26 ਜੁਲਾਈ (ਪੋਸਟ ਬਿਊਰੋ)- ਅਫਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਕੀਤੇ ਕਤਲੇਆਮ ਨੂੰ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਚੁੱਕਣ ਪਿੱਛੋਂ ਕੌਮਾਂਤਰੀ ਅਪਰਾਧਕ ਅਦਾਲਤ (ਆਈ ਸੀ ਸੀ) ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਤਾਲਿਬਾਨ ਨੇ ਖਾਸ ਤੌਰ ਉੱਤੇ ਕੰਧਾਰ ਸੂਬੇ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਨਾਲ ਲੱਗਦੇ ਸਪਿਨ ਬੋਲਡਕ ਸ਼ਹਿਰ ਵਿੱਚ ਨਿਰਦੋਸ਼ ਨਾਗਰਿਕਾਂ, ਔਰਤਾਂ ਤੇ ਬੱਚਿਆਂ ਨੂੰ ਮਾਰ ਦਿੱਤਾ ਹੈ। ਇੱਥੇ ਸੂਬੇ ਦੇ ਅਧਿਕਾਰੀਆਂ ਦੇ ਰਿਸ਼ਤੇਦਾਰ, ਫੌਜ ਤੇ ਪੁਲਸ ਦੇ ਮੁਲਾਜ਼ਮਾਂ ਨੂੰ ਪਹਿਲਾਂ ਹਿਰਾਸਤ ਵਿੱਚ ਲਿਆ ਗਿਆ, ਫਿਰ ਗੋਲੀ ਨਾਲ ਉਡਾ ਦਿੱਤਾ। ਕੁਝ ਥਾਵਾਂ ਉੱਤੇ ਸਿਰ ਕਲਮ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਅੱਠ ਅਤੇ 16 ਜੁਲਾਈ ਨੂੰ ਸੰਘਰਸ਼ ਦੌਰਾਨ ਤਾਲਿਬਾਨ ਨੇ ਸਰਕਾਰ ਤੇ ਫੌਜ ਦੇ ਜਾਸੂਸਾਂ ਦੀ ਭਾਲ ਕੀਤੀ ਤੇ ਸਾਰੇ ਲੋਕਾਂ ਨੂੰ ਗੋਲੀ ਮਾਰ ਦਿੱਤੀ।

ਹਿਊਮਨ ਰਾਈਟ ਵਾਚ ਦੀ ਐਸੋਸੀਏਟ ਡਾਇਰੈਕਟਰ, ਏਸ਼ੀਆ ਪੈਟ੍ਰੀਸ਼ੀਆ ਗੋਸਮੈਨ ਨੇ ਕਿਹਾ ਕਿ ਤਾਲਿਬਾਨ ਨੇ ਇੱਥੇ ਤਿੰਨ ਸੌ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਅਤੇ ਅਣਪਛਾਤੀ ਜਗ੍ਹਾ ਉੱਤੇ ਲੈ ਗਏ। ਇਸ ਦਾ ਖਦਸ਼ਾ ਹੈ ਕਿ ਤਾਲਿਬਾਨ ਇੱਥੇ ਹੋਰ ਜ਼ਿਆਦਾ ਖੂਨ ਖਰਾਬਾ ਕਰ ਸਕਦਾ ਹੈ। ਤਾਲਿਬਾਨ ਨੇਤਾਵਾਂ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੋਂ ਇਨਕਾਰ ਕੀਤਾ ਹੈ, ਪਰ ਜ਼ਮੀਨੀ ਪੱਧਰ ਉੱਤੇ ਹਾਲਾਤ ਦੱਸਦੇ ਹਨ ਕਿ ਨਿਰਦੋਸ਼ ਲੋਕਾਂ ਉੱਤੇ ਜ਼ੁਲਮ ਹੋ ਰਿਹਾ ਹੈ। ਇਸ ਸੰਬੰਧ ਵਿੱਚ ਕੌਮਾਂਤਰੀ ਅਪਰਾਧਕ ਅਦਾਲਤ (ਆਈ ਸੀ ਸੀ) ਨੇ ਜੰਗੀ ਅਪਰਾਧਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਕੇਸਾਂ ਵਿੱਚ ਉਹ ਤਾਲਿਬਾਨੀ ਕਮਾਂਡਰ ਦੋਸ਼ੀ ਮੰਨੇ ਜਾਣਗੇ, ਜਿਨ੍ਹਾਂ ਦੀ ਅਗਵਾਈ ਵਿੱਚ ਨਿਰਦੋਸ਼ ਲੋਕਾਂ ਉੱਤੇ ਜ਼ੁਲਮ ਹੋ ਰਿਹਾ ਹੈ।

ਪੈਟ੍ਰੀਸ਼ੀਆ ਗੋਸਮੈਨ ਨੇ ਕਿਹਾ ਕਿ ਯੂ ਐੱਨ ਓ, ਅਮਰੀਕਾ ਅਤੇ ਹੋਰ ਦੇਸ਼ਾਂ ਨੂੰ ਹੱਤਿਆ ਦਾ ਇਹ ਸਿਲਸਿਲਾ ਬੰਦ ਕਰਵਾਉਣ ਲਈ ਤਾਲਿਬਾਨ ਨੂੰ ਸਖਤ ਸੰਦੇਸ਼ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਪਿਨ ਬੋਲਡਕ ਵਿੱਚ ਲਾਸ਼ਾਂ ਮਿਲੀਆਂ ਹਨ, ਜਦੋਂ ਕਿ ਲਾਪਤਾ ਤਿੰਨ ਸੌ ਲੋਕਾਂ ਦਾ ਅਜੇ ਕੋਈ ਪਤਾ ਨਹੀਂ ਲੱਗਾ ਹੈ।ਏ ਐਨ ਆਈ ਮੁਤਾਬਕ ਅਫਗਾਨ ਫੌਜ ਨੇ ਹਵਾਈ ਹਮਲਿਆਂ ਵਿੱਚ ਹੈਲੀਕਾਪਟਰ ਦੀ ਮਦਦ ਲੈਣੀ ਸ਼ੁਰੂ ਕਰ ਦਿੱਤੀ ਹੈ।

## ਇੰਜੈਨੁਈਟੀ ਨੇ 10ਵੀਂ ਫਲਾਈਟ ਲਈ ਰੇਜ਼ਡ ਰਿਜ਼ ਨੂੰ ਚੁਣਿਆ

ਵਾਸ਼ਿੰਗਟਨ, 26 ਜੁਲਾਈ (ਪੋਸਟ ਬਿਊਰੋ)- ਲਾਲ ਗ੍ਰਹਿ ਮੰਗਲ ਉੱਤੇ ਜੀਵਨ ਦੀ ਖੋਜ ਦੇ ਨਾਲ-ਨਾਲ ਰੋਟਰਕਰਾਫਟ ਟੈਕਨਾਲੋਜੀ ਨੂੰ ਟੈਸਟ ਕਰਨ ਗਏ ਹੈਲੀਕਾਪਟਰ ਇੰਜੈਨੁਈਟੀ ਨੇ ਇੱਕ ਹੋਰ ਮੁਕਾਮ ਹਾਸਲ ਕਰ ਲਿਆ ਹੈ। ਧਰਤੀ ਦੇ ਇਲਾਵਾ ਪਹਿਲੀ ਵਾਰ ਕਿਸੇ ਹੋਰ ਗ੍ਰਹਿ ਉੱਤੇ ਉਡਾਣ ਭਰਨ ਵਾਲੇ ਹੈਲੀਕਾਪਟਰ ਨੇ 10ਵੀਂ ਫਲਾਈਟ ਪੂਰੀ ਕਰ ਲਈ ਤੇ ਇਸ ਦੇ ਨਾਲ ਕੁੱਲ ਇੱਕ ਮੀਲ (1.2 ਕਿਲੋਮੀਟਰ) ਦੀ ਦੂਰੀ ਤੈਅ ਕਰ ਲਈ ਹੈ।

ਏਜੰਸੀ ਨੇ ਦੱਸਿਆ ਹੈ ਕਿ ਇਸ ਦੀ 10ਵੀਂ ਫਲਾਈਟ ਅੱਜ ਤਕ ਦੀ ਸਭ ਤੋਂ ਔਖੀ ਸੀ। ਇੰਜੈਨੁਈਟੀ ਨੇ 10ਵੀਂ ਫਲਾਈਟ ਲਈ ਰੇਜ਼ਡ ਰਿਜ਼ ਨਾਂਅ ਦੇ ਇਲਾਕੇ ਨੂੰ ਚੁਣਿਆ। ਇਸ ਦੌਰਾਨ ਸਭ ਤੋਂ ਵੱਧ 1.2 ਕਿਲੋਮੀਟਰ ਦੀ ਉਚਾਈ ਨੂੰ ਵੀ ਛੋਹਿਆ। ਫਲਾਈਟ ਪਿੱਛੋਂ ਹੈਲੀਕਾਪਟਰ ਆਪਣੇ ਟੇਕ ਆਫ ਜ਼ੋਨ ਤੋਂ 95 ਮੀਟਰ ਪੱਛਮ ਵੱਲ ਸੱਤਵੀਂ ਏਅਰਫੀਲਡ ਵਿੱਚ ਲੈਂਡ ਹੋਇਆ। ਇਸ ਨੇ ਹਵਾ ਵਿੱਚ 165.4 ਸੈਕਿੰਡ ਬਿਤਾਏ।ਇਸ ਤੋਂ ਪਹਿਲਾਂ 9ਵੀਂ ਫਲਾਈਟ ਦੇ ਦੌਰਾਨ ਇਸ ਹੈਲੀਕਾਪਟਰ ਨੇ ਦੋ ਮਿੰਟ ਅਤੇ 46 ਸੈਕਿੰਡ ਹਵਾ ਵਿੱਚ ਬਿਤਾਏ ਸਨ। ਇਸ ਦੇ ਲਈ ਇਹ 'ਸੇਤਾਹ' ਨਾਂਅ ਦੇ ਖੇਤਰ ਤੋਂ ਲੰਘਿਆ।

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
- ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
- ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
- ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

## ਪਾਕਿ ਗੁਰਦੁਆਰਾ ਕਮੇਟੀ ਨੇ ਨਵਜੋਤ ਸਿੱਧੂ ਨੂੰ ਕਰਤਾਰਪੁਰ ਦਾ ਲਾਂਘਾ ਖੋਲ੍ਹਣ ਲਈ ਬੋਲਣ ਨੂੰ ਕਿਹਾ



ਲਾਹੌਰ, 26 ਜੁਲਾਈ (ਪੋਸਟ ਬਿਊਰੋ)- ਕਰਤਾਰਪੁਰ ਲਾਂਘਾ ਲੱਗਭਗ ਪਿਛਲੇ ਸਾਲ ਤੋਂ ਭਾਰਤੀ ਸੰਗਤ ਲਈ ਬੰਦ ਹੈ। ਇਸ ਬਾਰੇ ਕੱਲ੍ਹ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅਮੀਰ ਸਿੰਘ ਨੇ ਵੀਡੀਓ ਜਾਰੀ ਕਰਕੇ ਲਾਂਘਾ ਖੁੱਲਵਾਉਣ ਵਿੱਚ ਪ੍ਰਮੁਖ ਭੂਮਿਕਾ ਨਿਭਾਉਣ ਵਾਲੇ ਸਾਬਕਾ ਕ੍ਰਿਕਟਰ ਤੇ ਸਿਆਸਤਦਾਨ ਨੂੰ ਪੰਜਾਬ ਕਾਂਗਰਸ ਪ੍ਰਧਾਨ ਚੁਣੇ ਜਾਣ ਉੱਤੇ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਪਿਛਲੇ ਸਾਲ 16 ਮਾਰਚ ਨੂੰ ਕੋਰੋਨਾ ਦੇ ਕਾਰਨ ਭਾਰਤ ਵੱਲੋਂ ਬੰਦ ਕੀਤੇ ਕਰਤਾਰਪੁਰ ਲਾਂਘੇ ਨੂੰ ਭਾਰਤ ਤਰਫ਼ੋਂ ਖੁੱਲ੍ਹਵਾਉਣ ਲਈ ਉਹ ਆਵਾਜ਼ ਬੁਲੰਦ ਕਰਨ।

ਅਮੀਰ ਸਿੰਘ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਇੱਕ ਸਫਲ ਸਮਾਜਿਕ, ਧਾਰਮਿਕ ਤੇ ਸਿਆਸੀ ਸ਼ਖ਼ਸੀਅਤ ਹਨ ਅਤੇ ਉਨ੍ਹਾਂ ਨੂੰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਲੋਕ ਨਾਇਕ ਮੰਨਦੇ ਹਨ। ਇਸ ਲਈ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਭਾਰਤ ਤਰਫ਼ੋਂ ਲਾਂਘਾ ਖੁੱਲਣਾ ਸੰਭਵ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਲਾਂਘਾ ਭਾਈਚਾਰਕ ਸਾਂਝ, ਸ਼ਾਂਤੀ ਤੇ ਧਾਰਮਿਕ ਸਦਭਾਵਨਾ ਦਾ ਪ੍ਰਤੀਕ ਹੈ ਤੇ ਇਸ ਦੀ ਮਹੱਤਤਾ ਭਾਰਤ ਸਰਕਾਰ ਨੂੰ ਵੀ ਸਮਝਣੀ ਚਾਹੀਦੀ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਾਗੀਰ ਕੌਰ ਤੋਂ ਵੀ ਮੰਗ ਕੀਤੀ ਕਿ ਲਾਂਘੇ ਰਾਹੀਂ ਭਾਰਤੀ ਸੰਗਤ ਨੂੰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਭੇਜਣ ਲਈ ਉਹ ਕੇਂਦਰ ਸਰਕਾਰ ਨਾਲ ਗੱਲਬਾਤ ਜ਼ਰੂਰ ਕਰਨ।

# ਕਿਸਾਨਾਂ ਦੇ ਸਿਰ ਉੱਤੇ ਸਿਆਸੀ ਪਾਰੀ ਖੇਡਣਾ ਚੌਟਾਲੇ ਨੂੰ ਪੁੱਠਾ ਪਿਆ

ਚੰਡੀਗੜ੍ਹ, 26 ਜੁਲਾਈ (ਪੋਸਟ ਬਿਊਰੋ)- ਹਰਿਆਣਾ ਦੇ ਬਹੁ-ਚਰਚਿਤ ਟੀਚਰ ਭਰਤੀ ਘੁਟਾਲੇ ਵਿੱਚੋਂ ਜੇਲ੍ਹ ਕੱਟਣ ਦੇ ਬਾਅਦ ਕਿਸਾਨ ਹਿਤੈਸ਼ੀ ਬਣ ਕੇ ਦੂਜੀ ਸਿਆਸੀ ਪਾਰੀ ਸ਼ੁਰੂ ਕਰਨ ਦੀ ਤਾਕ ਵਿੱਚ ਸਾਬਕਾ ਮੁੱਖ ਮੰਤਰੀ ਅਤੇ ਇਨੈਲੋ ਪਾਰਟੀ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਦਾ ਰਾਜਸੀ ਦਾਅ ਪੁੱਠਾ ਪੈਣਾ ਸ਼ੁਰੂ ਹੋ ਗਿਆ ਹੈ। ਕੱਲ੍ਹ ਜੀਂਦ ਦੇ ਖਟਕੜ ਟੌਲ ਪਲਾਜ਼ਾ ਉੱਤੇ ਧਰਨੇ ਵਿੱਚ ਕਿਸਾਨ ਆਗੂਆਂ ਨੇ ਨਾ ਓਮ ਪ੍ਰਕਾਸ਼ ਚੌਟਾਲਾ ਨੂੰ ਸਟੇਜ ਉੱਤੇ ਚੜ੍ਹਨ ਦਿੱਤਾ ਅਤੇ ਨਾ ਮਾਈਕ ਉਤੇ ਬੋਲਣ ਦਿੱਤਾ ਅਤੇ ਸੁੱਚੇ ਮੂੰਹ ਹੀ ਮੋੜ ਦਿੱਤਾ।ਸਾਬਕਾ ਮੁੱਖ ਮੰਤਰੀ ਤੇ ਇਨੈਲੋ ਪਾਰਟੀ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ 20 ਜੁਲਾਈ ਨੂੰ ਪਲਵਲ ਵਿੱਚ ਕਿਸਾਨ ਧਰਨੇ ਵਿੱਚ ਗਏ ਸਨ, ਜਿੱਥੇ ਕਿਸਾਨਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ ਸੀ। ਓਥੇ ਚੌਟਾਲਾ ਨੇ ਖੁਦ ਨੂੰ ਚੌਧਰੀ ਦੇਵੀ ਲਾਲ ਦਾ ਵਾਰਸ ਦੱਸ ਕੇ ਕਿਸਾਨਾਂ ਦੀ ਹਮਦਰਦੀ ਲੈਣ ਦੀ ਕੋਸ਼ਿਸ਼ ਕੀਤੀ ਅਤੇ ਗਾਜ਼ੀਪੁਰ ਹੱਦ ਉੱਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਕੇਸ਼ ਟਿਕੈਤ ਨੂੰ ਮਿਲੇ ਸਨ। ਕੱਲ੍ਹ ਉਨ੍ਹਾਂ ਨੇ ਜੀਂਦ ਵਿਚਲੇ ਖਟਕੜ ਟੌਲ ਪਲਾਜ਼ਾ ਉੱਤੇ ਚੱਲਦੇ ਅੰਦੋਲਨ ਵਿੱਚ ਜਾਣਾ ਸੀ। ਦੂਜੇ ਪਾਸੇ ਕਿਸਾਨ ਜਥੇਬੰਦੀਆਂ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਕਿ ਉਹ ਚੌਟਾਲਾ ਦਾ ਬਤੌਰ ਕਿਸਾਨ ਸਵਾਗਤ ਕਰਦੇ ਹਨ, ਪਰ ਧਰਨੇ ਦੀ ਸਟੇਜ ਉੱਤੇ ਨਹੀਂ ਆਉਣ ਦਿੱਤਾ ਜਾਵੇਗਾ ਅਤੇ ਨਾ ਧਰਨੇ ਵਿੱਚ ਮਾਈਕ ਉੱਤੇ ਸੰਬੋਧਨ ਕਰਨ ਦਿੱਤਾ ਜਾਵੇਗਾ।

ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਕੱਲ੍ਹ ਜਦੋਂ ਸਾਥੀਆਂ ਸਣੇ ਖਟਕੜ ਟੌਲ ਪਲਾਜ਼ਾ ਉੱਤੇ ਪੁੱਜੇ ਤਾਂ ਧਰਨੇ ਵਿੱਚ ਜਾ ਕੇ ਬੈਠ ਗਏ। ਉਨ੍ਹਾਂ ਦੇ ਖੱਬੇ ਹੱਥ ਉੱਤੇ ਸੱਟ ਲੱਗੀ ਹੋਈ ਸੀ। ਕੁਝ ਸਮੇਂ ਬਾਅਦ ਚੌਟਾਲਾ ਨੇ ਧਰਨੇ ਨੂੰ ਸੰਬੋਧਨ ਕਰਨ ਲਈ ਮਾਈਕ ਮੰਗਿਆ ਤਾਂ ਕਿਸਾਨ ਜਥੇਬੰਦੀਆਂ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਚੌਟਾਲਾ ਨੇ ਲੋਕਾਂ ਦੀ ਸਲਾਹ ਲੈਣ ਦੀ ਗੱਲ ਆਖੀ ਤਾਂ ਕਿਸਾਨ ਆਗੂ ਸਤਬੀਰ ਪਹਿਲਵਾਨ ਨੇ ਆਖਿਆ ਕਿ ਇਹ ਫੈਸਲਾ ਕਿਸਾਨਾਂ ਨੇ ਸਾਂਝੇ ਤੌਰ ਉੱਤੇ ਲਿਆ ਹੈ, ਜਿਸ ਮਗਰੋਂ ਚੌਟਾਲਾ ਗੁੱਸੇ ਵਿੱਚ ਉਥੋਂ ਚਲੇ ਗਏ। ਸਤਬੀਰ ਪਹਿਲਵਾਨ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦਾ ਫੈਸਲਾ ਹੈ ਕਿ ਕਿਸਾਨ ਧਰਨਿਆਂ ਦੀ ਸਟੇਜ ਉੱਤੇ ਕਿਸੇ ਰਾਜਸੀ ਆਗੂ ਨੂੰ ਨਹੀਂ ਚੜ੍ਹਨ ਦਿੱਤਾ ਜਾਵੇਗਾ ਅਤੇ ਕਿਸਾਨ ਜਥੇਬੰਦੀਆਂ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਓਮ ਪ੍ਰਕਾਸ਼ ਚੌਟਾਲਾ ਖਟਕੜ ਟੌਲ ਪਲਾਜ਼ਾ ਉੱਤੇ ਆਉਣਗੇ ਤਾਂ ਮਾਈਕ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮਾਈਕ ਨਾ ਦੇਣ ਉੱਤੇਚੌਟਾਲਾ ਗੁੱਸੇ ਵਿੱਚ ਆ ਗਏ ਅਤੇ ਉਸ ਦੇ ਪੈਰ ਉੱਤੇ ਖੂੰਡੀ ਮਾਰੀ। ਉਨ੍ਹਾਂ ਕਿਹਾ ਕਿ ਦੇਸ਼ ਦਾ ਅੰਨ-ਦਾਤਾ ਅੱਠ ਮਹੀਨਿਆਂ ਤੋਂ ਖੇਤੀ ਕਾਨੂੰਨਾਂ ਖਿਲਾਫ ਲੜਾਈ ਲੜ ਰਿਹਾ ਹੈ, ਪਰ ਅਜੇ ਤਕ ਕੋਈ ਰਾਜਸੀ ਆਗੂ ਉਨ੍ਹਾਂ ਕੋਲ ਨਹੀਂ ਆਇਆ।

ਓਧਰ ਸੋਨੀਪਤ ਦੇ ਗੋਹਾਣਾ ਵਿੱਚ ਕਿਸਾਨਾਂ ਨੇ ਕੱਲ੍ਹ ਭਾਜਪਾ ਦੇ ਸਮਾਗਮ ਦਾ ਵਿਰੋਧ ਕੀਤਾ। ਇਸੇ ਮੌਕੇ ਕਿਸਾਨਾਂ ਨੇ ਇੱਕ ਭਾਜਪਾ ਆਗੂ ਦੀ ਕੁੱਟਮਾਰ ਵੀ ਕੀਤੀ ਜਿਸ ਨੂੰ ਮੌਕੇ ਉੱਤੇ ਮੌਜੂਦ ਕਿਸਾਨ ਆਗੂਆਂ ਨੇ ਛੁਡਾਇਆ। ਪਤਾ ਲੱਗਾ ਹੈ ਕਿ ਗੋਹਾਣਾ ਦੇ ਪਿੰਡ ਕਥੂਰਾ ਵਿੱਚ ਭਾਜਪਾ ਆਗੂਆਂ ਦਾ ਸਮਾਗਮ ਹੋਣ ਦੀ ਭਿਣਕ ਲੱਗਦਿਆਂ ਹੀ ਵੱਡੀ ਗਿਣਤੀ ਵਿੱਚ ਕਿਸਾਨ ਭਾਜਪਾ ਆਗੂਆਂ ਦਾ ਵਿਰੋਧ ਕਰਨ ਲਈ ਉਥੇ ਪਹੁੰਚ ਗਏ। ਕਿਸਾਨਾਂ ਨੇ ਭਾਜਪਾ ਵਾਲਿਆਂ ਨੂੰ ਸਮਾਗਮ ਵਾਲੀ ਥਾਂ ਤੋਂ ਸ਼ਾਂਤਮਈ ਢੰਗ ਨਾਲ ਜਾਣ ਨੂੰ ਕਿਹਾ, ਪਰ ਇੱਕ ਭਾਜਪਾ ਆਗੂ ਉਥੋਂ ਨਾ ਜਾਣ ਉੱਤੇ ਅੜ੍ਹ ਗਿਆ ਤਾਂ ਕਿਸਾਨਾਂ ਨੇ ਗੁੱਸੇ ਵਿੱਚ ਆ ਕੇ ਉਸ ਦੀ ਕੁੱਟਮਾਰ ਕੀਤੀ, ਜਿਸ ਦੀ ਵੀਡੀਓ ਵੀ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈ ਹੈ।

## ਪਤੀ ਦੀ ਕਾਤਲ ਪਤਨੀ ਹੀ ਨਿਕਲੀ, ਤਿੰਨ ਜਣੇ ਗ੍ਰਿਫਤਾਰ



ਮੋਗਾ, 26 ਜੁਲਾਈ (ਪੋਸਟ ਬਿਊਰੋ)- ਜ਼ਿਲ੍ਹਾ ਪੁਲਸ ਨੇ ਸਬਜ਼ੀ ਵਿਕਰੇਤਾ ਦੇ ਕਤਲ ਕੇਸ ਨੂੰ 48 ਘੰਟਿਆਂ ਵਿੱਚ ਹੱਲ ਕਰ ਕੇ ਦੋਸ਼ੀਆਂ ਨੂੰ ਵਾਰਦਾਤ ਲਈ ਵਰਤੇ ਗਏ ਹਥਿਆਰਾਂ ਸਮੇਤ ਫੜਨ ਦਾ ਦਾਅਵਾ ਕੀਤਾ ਹੈ।

ਐਸ ਐਸ ਪੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਮੋਗਾ ਥਾਣਾ ਸਿਟੀ ਸਾਊਥ ਮੋਗਾ ਨੂੰ ਸੂਚਨਾ ਮਿਲੀ ਸੀ ਕਿ ਸਬਜ਼ੀ ਵਿਕਰੇਤਾ ਸੁਖਵਿੰਦਰ ਸਿੰਘ ਵਾਸੀ ਪ੍ਰੀਤ ਨਗਰ ਦੀ ਰਾਤ ਨੂੰ ਘਰ ਵਿੱਚ ਸੁੱਤੇ ਦੀ ਹੱਤਿਆ ਹੋ ਗਈ। ਇਸ ਕੇਸ ਨੂੰ ਹੱਲ ਕਰਨ ਲਈ ਸਾਊਥ ਥਾਣਾ ਸਿਟੀ ਸੀ ਆਈ ਏ ਮੋਗਾ ਤੇ ਸਾਈਬਰ ਸੈਲ ਮੋਗਾ ਦੀਆਂ ਟੀਮਾਂ ਨਾਲ ਸਾਂਝੀ ਜਾਂਚ ਟੀਮ ਬਣਾਈ ਸੀ। ਕੇਸ ਦੀ ਜਾਂਚ ਲਈ ਫੋਰੈਂਸਿਕ ਅਤੇ ਡਿਜੀਟਲ ਸਾਧਨ ਵੀ ਵਰਤੇ ਗਏ। ਜਾਂਚ ਦੌਰਾਨ ਸ਼ੱਕ ਦੀ ਸੂਈ ਮ੍ਰਿਤਕ ਦੀ ਵਿਧਵਾ ਅਮਨਦੀਪ ਕੌਰ ਉੱਤੇ ਆ ਗਈ ਤੇ ਸਖਤੀ ਨਾਲ ਕੀਤੀ ਪੁੱਛਗਿੱਛ ਦੌਰਾਨ ਉਸ ਨੇ ਜੁਰਮ ਕਬੂਲ ਕਰ ਲਿਆ।ਅਮਨਦੀਪ ਕੌਰ ਨੇ ਦੱਸਿਆ ਕਿ ਉਸ ਦੀ ਸੰਦੀਪ ਸਿੰਘ ਨਾਲ ਤਕਰੀਬਨ ਅੱਠ-ਨੌਂ ਮਹੀਨੇ ਪਹਿਲਾਂ ਸੋਸ਼ਲ ਮੀਡੀਆ ਐਪ ਰਾਹੀਂ ਨੇੜਤਾ ਹੋ ਗਈ ਸੀ। ਦੋ ਮਹੀਨੇ ਪਹਿਲਾਂ ਉਸ ਨੇ ਸੰਦੀਪ ਤੇ ਜਸਬੀਰ ਸਿੰਘ ਨਾਲ ਮਿਲ ਕੇ ਆਪਣੇ ਪਤੀ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਤਾਂ ਜੋ ਉਹ ਪ੍ਰੇਮੀ ਸੰਦੀਪ ਨਾਲ ਵਿਆਹ ਕਰਵਾ ਸਕੇ। ਕਤਲ ਦੀ ਰਾਤ ਨੂੰ ਉਸ ਨੇ ਸੰਦੀਪ ਲਈ ਦਰਵਾਜ਼ਾ ਖੋਲ੍ਹਿਆ ਅਤੇ ਜਸਬੀਰ ਬਾਹਰ ਮੋਟਰ ਸਾਈਕਲ ਉੱਤੇ ਉਡੀਕ ਰਿਹਾ ਸੀ। ਸੰਦੀਪ ਅਤੇ ਅਮਨਦੀਪ ਨੇ ਕੁਹਾੜੀ ਨਾਲ ਸੁਖਵਿੰਦਰ ਦਾ ਗਲਾ ਵੱਢ ਦਿੱਤਾ। ਉਸ ਦੇ ਬਾਅਦ ਸੰਦੀਪ ਤੇ ਜਸਬੀਰ ਫਰਾਰ ਹੋ ਗਏ। ਫਿਰ ਅਮਨਦੀਪ ਨੇ ਬਚਣ ਲਈ ਡਰਾਮਾ ਰਚਣਾ ਸ਼ੁਰੂ ਕੀਤਾ ਅਤੇ ਪਰਵਾਰ ਦੇ ਹੋਰ ਮੈਂਬਰਾਂ ਨੂੰ ਇਸ ਕਤਲ ਬਾਰੇ ਦੱਸਿਆ।ਪੁਲਸ ਨੇ ਕਤਲ ਲਈ ਵਰਤਿਆ ਹਥਿਆਰ ਕੁਹਾੜੀ, ਮੋਟਰਸਾਈਕਲ ਤੇ ਸਬੂਤ ਵਜੋਂ ਖੂਨ ਦੇ ਦਾਗ ਵਾਲੇ ਕੱਪੜੇ ਬਰਾਮਦ ਕਰ ਲਏ ਹਨ।

# CLASSIFIEDS

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
KULWINDERCHHINA
BROKER
647.293.2327

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

## ਲੜਕੇ ਦੀ ਲੋੜ

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjot-dahiya@gmail.com
Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## Sales Person Required

**Dubai Jewellers:** Sales person required at Dubai Jewellers with Jewellery sale experience for part time/full time job. For more information contact Raj 416-465-1200.

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਸੰਪਰਕ: 647-205-5909, 416-618-3358**

## ਵਰਕਰਾਂ ਦੀ ਲੋੜ

ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।
ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

